ੴ

ਸਿੱਖ ਰਹਿਤ ਮਰਿਆਦਾ ਬਾਰੇ

ਭਾਈ ਸਾਹਿਬ (ਪ੍ਰਿੰ.) ਹਰਿਭਜਨ ਸਿੰਘ

ਸਤਿਨਾਮ ਸਿੰਘ ਹਮਰਾਜ਼-ਬੇਨ-ਹਮਰਾਜ਼

ਪ੍ਰਕਾਸ਼ਕ :

ਪ੍ਰਿੰਸੀਪਲ ਹਰਿਭਜਨ ਸਿੰਘ ਮੈਮੋਰੀਅਲ ਟ੍ਰੱਸਟ®

1186, ਸੈਕਟਰ 18-ਸੀ, ਚੰਡੀਗੜ੍ਹ-160 018

ਬਾਤ ਕਰਤਾ ਹੂੰ, ਤੋ ਸ਼ਾਇਦ ਉਨ ਕੋ ਹੋ ਸ਼ਿਕਾਇਤ
ਚੁਪ ਰਹਿਤਾ ਹੂੰ, ਤੋ ਮੇਰੀ 'ਨਾਨਕ' ਸੇ ਕੋਤਾਹੀ ਹੋਤੀ ਹੈ।

ਆਦਿ ਕਾਲ ਤੋਂ ਹੀ ਸੰਸਾਰ 'ਚ ਸਮੇਂ ਸਮੇਂ ਪੀਰ-ਫ਼ਕੀਰ, ਪੈਗੰਬਰ-ਔਲੀਏ ਆਏ ਤੇ ਅਕਾਲ ਪੁਰਖ ਵਲੋਂ ਬਖ਼ਸ਼ੀ ਬਲ ਬੁੱਧ ਤੇ ਵਿੱਤ ਅਨੁਸਾਰ ਮਾਸੂਮ ਤੇ ਧਰਮ ਭੁੱਖੀਆਂ ਰੂਹਾਂ ਨੂੰ ਵਕਤੀ ਤੌਰ ਤੇ ਰਾਹਤ ਦੇਂਦੇ ਰਹੇ। ਐਸੇ ਹੀ, ਜਗਤ ਜਲੰਦੇ ਦੀ ਲੋਕ-ਪੀੜਾ, ਪੁਕਾਰ ਜਦ ਧੁਰ ਦਰਗਾਹ ਪੁੱਜੀ ਤਾਂ ਜਾਤਿ ਪਾਕਿ ਮੇਹਰ ਦੇ ਘਰ ਆਈ ਤੇ ਤਰੁਠ ਕੇ ਗੁਰੂ ਨਾਨਕ ਨੂੰ ਜਗਤ 'ਚ ਪਠਾਇਆ, ਜਿਨ੍ਹਾਂ ਨੇ ਸਭ ਸੰਪਰਦਾਈ ਮਤਾਂ ਤੋਂ ਹਟ ਕੇ, ਇਕ ਨਿਰਮਲ, ਨਿਰਾਲਾ ਤੇ ਨਿਆਰਾ ਸੱਚ ਧਰਮ ਸੰਸਾਰ ਨੂੰ ਦਿੱਤਾ। ਸਿੱਖ ਸਤਿਗੁਰੂ ਸਾਹਿਬਾਨ ਨੇ 239 ਸਾਲ ਦੇ ਲੰਮੇ ਸਮੇਂ 'ਚ ਖੁਦ ਇਕ ਪੂਰਨ ਮਨੁੱਖ ਦੀ ਜ਼ਿੰਦਗੀ ਜਿਉਂਕੇ ਅਤੇ ਆਮਦ ਤੇ ਆਈ ਧੁਰ ਕੀ ਬਾਣੀ ਨੂੰ ਗੁਰੂ ਗ੍ਰੰਥ ਦੇ ਰੂਪ 'ਚ ਆਪਣੀ ਹਯਾਤੀ 'ਚ, ਮੋਹਰ-ਬੰਦ ਕਰਕੇ ਵਿਗਿਆਨਕ ਯੁਗ ਨੂੰ ਇਕ ਐਸਾ ਲਾਸਾਨੀ ਧਰਮ ਦਿੱਤਾ, ਜਿਸ ਵਿੱਚ ਮਿਲਾਵਟ ਤੇ ਖੋਟ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਬਹੁ-ਪੂਜਾ, ਵੱਖ ਵੱਖ ਰੀਤਾਂ ਰਸਮਾਂ ਅਤੇ ਵਿਖਾਵਿਆਂ ਵਾਲੇ ਵਰਤੋਂ ਵਿਹਾਰ ਦਾ ਇਸ ਅਦੁੱਤੀ ਤੇ ਸਰਬ-ਸਾਂਝੇ ਧਰਮ ਵਿਚ ਕਤਅਨ ਕੋਈ ਸਥਾਨ ਨਹੀਂ ਅਤੇ ਇਹ ਹੈ ਰਾਜ਼ ਇਸ ਦੀ ਮਜ਼ਬੂਤੀ, ਦ੍ਰਿੜ੍ਹਤਾ, ਦਲੇਰੀ ਅਤੇ ਚੜ੍ਹਦੀ ਕਲਾ ਵਿੱਚ ਵਿਚਰਨ ਦਾ।

ਸਿੱਖ ਗੁਰੂ ਸਾਹਿਬਾਨ ਨੇ "ਸਾਹਿਬ ਮੇਰਾ ਏਕੋ ਹੈ" ਅਤੇ "ਇਕਾ ਬਾਣੀ, ਇਕ ਗੁਰੁ, ਇਕੋ ਸਬਦੁ ਵੀਚਾਰਿ" ਦੇ ਜਿਸ ਹੱਕ ਪ੍ਰਚਮ ਨੂੰ ਸੰਸਾਰ ਤੇ ਲਹਿਰਾਇਆ ਸੀ ਅਤੇ ਪੰਥ ਨੂੰ ਗੁਰੂ ਗ੍ਰੰਥ ਦੇ ਲੜ ਲਾਇਆ ਸੀ, ਅਫ਼ਸੋਸ ਅਜੇ ਤਿੰਨ ਸ਼ਤਾਬਦੀਆਂ ਵੀ ਨਹੀਂ ਹੋਈਆਂ, ਅੱਜ ਬਾਬੇ ਦੇ ਬਾਲੜਿਆਂ ਹੱਥੋਂ ਉਹੀਂ ਪ੍ਰਚਮ "**ਜ਼ਾਲਿਮ ਨੇ ਫਾੜ ਡਾਲਾ ਇਸੇ ਤਾਰ ਤਾਰ ਕਰਕੇ**" ਵਾਲੀ ਅਵਸਥਾ 'ਚ ਪੁੱਜ ਗਿਆ ਹੈ। ਹੰਨੇ ਹੰਨੇ ਪੀਰੀ ਖੁੱਲ ਰਹੀ ਹੈ। ਬਾਬੇ ਦੇ

ਸੱਚ ਦੇ ਹੱਟ ਸਾਹਮਣੇ ਕੂੜ ਦੀ ਦੁਕਾਨ ਚਲਾਉਣ ਲਈ, ਬਾਬੇ ਦੀ ਹੇਠੀ ਕਰਨੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਅਤਿ ਅਸ਼ਲੀਲ, ਅਵਤਾਰਵਾਦੀ, ਦੇਵੀ ਪੂਜਾ ਤੇ ਕੋਕ ਸ਼ਾਸਤਰੀ ਲਿਖਤਾਂ ਨੂੰ ਗੁਰਦੇਵ ਦੀ ਕਲਮ ਨਾਲ ਜੋੜਿਆ ਜਾ ਰਿਹਾ ਹੈ। ਗੁਰਬਿਲਾਸਾਂ, ਜਨਮ ਸਾਖੀਆਂ ਤੇ ਰਹਿਤਨਾਮਿਆਂ ਦੀ ਆੜ 'ਚ ਗੁਰੂ ਸਾਹਿਬਾਨ ਨੂੰ ਭੰਗੀ, ਪੋਸਤੀ, ਲੋਕਾਂ ਦੀਆਂ ਕੁੜੀਆਂ ਕੱਢ ਲਿਆਉਣ ਵਾਲੇ, ਕੁੱਤਿਆਂ ਨਾਲ ਵਾਰਤਾਲਾਪ ਕਰਨ ਵਾਲੇ, ਬਿਨਾਂ ਮਾਂ ਬਾਪ ਦੇ ਸੰਗ ਦੇ ਬੱਚੇ ਪੈਦਾ ਕਰਨ ਵਾਲੇ ਇਤਿ ਆਦਿ ਸਾਬਤ ਕੀਤਾ ਜਾ ਰਿਹਾ ਹੈ। ਆਪਣੇ ਡੇਰੇ-ਮਹਿਲ ਖੜ੍ਹੇ ਕਰਨ ਲਈ ਬਾਬੇ ਦਾ ਸੱਚ-ਮਹਿਲ ਢਾਹੁਣ 'ਚ ਕੋਈ ਕਸਰ ਨਹੀਂ ਛੱਡੀ ਜਾ ਰਹੀ। "ਭਲੀ ਸੁਹਾਵੀ ਛਾਪਰੀ" ਅਤੇ "ਕਿਤਹੀ ਕਾਮਿ ਨ ਧਉਲਹਰ" ਵਾਲਾ ਆਦੇਸ਼ ਤਾਂ ਹੋਰਾਂ ਨੂੰ ਦੇਣ ਲਈ ਹੈ।

ਭਾਈ ਸਾਹਿਬ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਨੇ ਆਪਣੀ ਹਯਾਤੀ ਦੇ ਨੱਬੇ ਕੁ ਹੁਨਾਲ ਸਿਆਲ ਚੋਂ ਸੱਤਰ ਸਾਲ, ਨਾਨਕ ਦਰ ਘਰ ਨੂੰ ਨਿਰਮਲ ਨਿਰਾਲਾ ਤੇ ਨਿਆਰਾ ਤੱਕਣ ਦੀ ਚਾਹ 'ਚ ਲਿਖ ਤੇ ਬੋਲ ਕੇ ਸੇਵਾ ਕੀਤੀ, ਉਹਨਾਂ ਤੋਂ ਬਾਅਦ ਇਸ ਕਲਮ ਤੇ ਆਵਾਜ਼ ਦਾ ਵਾਰਸ ਇਹ "ਪੁੱਤਰ ਨਿਸ਼ਾਨ" ਬਾਬੇ ਦੇ ਸੱਚ ਧਰਮ ਨੂੰ ਜਗਤ ਧਰਮ ਵੇਖਣ ਦੀ ਲੋਚਾ 'ਚ ਹਮਾਂ ਤਨ ਕੋਸ਼ਾਂ ਹੈ। ਹੱਥਲਾ ਲੇਖ ਇਸੇ ਆਸ਼ੇ ਨਾਲ ਇਕ ਵਾਰ ਫੇਰ ਹੰਨੇ ਹੰਨੇ ਪੀਰੀ ਚਲਾਉਣ ਵਾਲਿਆਂ ਨੂੰ "ਬਾ-ਅਵਾਜਿ ਬੁਲੰਦ" ਸਦਾ ਹੈ। ਐ ਨਾਨਕ-ਗੋਬਿੰਦ ਨਾਮ ਲੇਵਾ ਸੰਪਰਦਾਓ। ਆਉ ਮਿਲ ਕੇ ਹੰਬਲਾ ਮਾਰੀਏ ਤੇ ਬਾਬੇ ਦੇ ਇਸ ਬਾਰਾਂ ਵੰਨੀ ਦੇ ਸੋਨੇ ਨੂੰ ਸੰਸਾਰ ਦੀ ਧਰਮ ਮੰਡੀ 'ਚ ਸਹੀ ਸਥਾਨ ਤੇ ਰੁਤਬਾ ਦੁਆ ਸਕੀਏ। ਨਹੀਂ ਤੇ ਸੰਸਾਰ ਸਾਨੂੰ ਕਦੀ ਮੁਆਫ਼ ਨਹੀਂ ਕਰੇਗਾ, ਅਤੇ ਪ੍ਰਭੂ ਦਰ ਤੇ ਢੋਈ ਨਹੀਂ ਮਿਲੇਗੀ, ਸਤਿਗੁਰ ਸੁਮੱਤ ਬਖਸ਼ਣ।

ਸਤਿਨਾਮ ਸਿੰਘ ਹਮਰਾਜ਼-ਬੇਨ-ਹਮਰਾਜ਼
(ਪੁੱਤਰ ਨਿਸ਼ਾਨ)

ੴ ਸਤਿਗੁਰ ਪ੍ਰਸਾਦਿ

"ਸਿੱਖ ਰਹਿਤ ਮਰਯਾਦਾ ਬਾਰੇ"

ਜਿੱਥੇ, ਮਨੁੱਖ ਦਾ ਜੀਵਨ, ਬਹੁਪੱਖੀ ਹੋਣਾ ਇਕ ਠੋਸ ਹਕੀਕਤ ਹੈ, ਉਥੇ ਇਸ ਸੱਚ ਨੂੰ ਵੀ ਸਵੀਕਾਰਨਾ ਪਵੇਗਾ ਕਿ ਇਹ ਸਾਰੇ ਪੱਖ ਆਪਸ ਵਿਚ ਦੀ ਘੁਲੇ ਮਿਲੇ ਹੋਣ ਕਾਰਣ ਇਕ ਦੂਜੇ ਨੂੰ ਡਾਢੇ ਪ੍ਰਭਾਵਤ ਕਰਦੇ ਹਨ। ਮੋਟੇ ਤੌਰ ਉਤੇ ਜੀਵਨ ਦੇ ਅਧਿਆਤਮਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਪੱਖਾਂ ਨੂੰ ਇਕ ਦੂਜੇ ਤੋਂ ਪੂਰਨ ਤੌਰ ਉਤੇ ਨਿਖੇੜ ਸਕਣਾ ਸੰਭਵ ਨਹੀਂ। ਕਿਸੇ ਇਕ ਪੱਖ ਦਾ ਸੁਧਾਰ ਜਾਂ ਪਤਨ, ਦੂਜੇ ਉਤੇ ਅਸਰ-ਅੰਦਾਜ਼ ਹੋਣਾ ਲਾਜ਼ਮੀ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਕਾਮਲ ਮੁਰਸ਼ਦਾਂ ਨੇ ਮਨੁੱਖੀ ਜੀਵਨ ਨੂੰ ਉਚਿਆਉਣ ਹਿੱਤ ਬਹੁਪੱਖਾ ਹੰਭਲਾ ਮਾਰਿਆ ਹੈ। ਦੂਜੇ, ਇਹ ਤੱਥ ਵੀ ਹਰ ਦਮ ਚਿੰਤਨਯੋਗ ਸੱਚ ਹੈ ਕਿ ਆਦਿ ਸਤਿਗੁਰੂ ਨਾਨਕ ਦੇਵ ਜੀ ਵਲੋਂ ਚਲਾਇਆ ਇਹ ਕਰਣੀ ਪ੍ਰਧਾਨ, "ਨਿਰਮਲ"[1] ਤੇ "ਨਿਰਾਲਾ"[2] ਪੰਥ, ਪ੍ਰਭੂ ਦੀ ਇਕਾਈ, ਇਕ ਓਅੰਕਾਰਤਾ ਅਥਵਾ ਵਾਹਦਾਨਿਯਤ ਅਤੇ ਮੁਕੰਮਲ ਮਾਨਵ ਸਮਾਨਤਾ, ਸੱਚ ਤੇ ਸਾਂਝੀਵਾਲਤਾ ਦਾ ਮਾਰਗ ਹੈ। ਇਸ ਵਿਚ ਇੰਤਸ਼ਾਰ, ਆਪੋਧਾਪੀ, ਕੱਟੜਵਾਦ, ਸੰਪਰਦਾਇਕਤਾ ਤੇ ਸੰਕੀਰਣਤਾ ਲਈ ਉੱਕੀ ਹੀ ਕੋਈ ਥਾਂ ਨਹੀਂ, ਸੋ ਮਾਨਵ ਕਲਿਆਣ ਤੇ ਪੀਢੀ ਸਾਂਝੀਵਾਲਤਾ (ਭਰਾਤਰੀ ਭਾਵ) ਹਿੱਤ, "ਏਕੋ ਧਰਮ ਦ੍ਰਿੜੈ ਸਚੁ ਕੋਈ" ਦਾ ਨਾਅਰਾ-ਏ-ਹੱਕ ਬੁਲੰਦ ਕਰਨ ਵਾਲੇ ਮੋਢੀ ਬਾਬੇ ਵਲੋਂ, ਅਕਾਲ ਪੁਰਖ ਵਾਹਿਗੁਰੂ ਦੀ ਏਕਤ੍ਰਤਾ ਨੂੰ ਇਉਂ ਦ੍ਰਿੜ ਕਰਾਇਆ ਹੈ :

ੴ

ਤਥਾ - "ਏਕੋ ਹੈ ਭਾਈ ਏਕੋ ਹੈ" ਸਾਹਿਬ ਮੇਰਾ ਏਕੋ ਹੈ॥

(ਮ: ਪਹਿਲਾ ਪੰ: 350)

ਇਸ ਉਪਰੰਤ ਤੀਜੇ ਸਤਿਗੁਰਾਂ ਨੇ ਵੀ ਉਪਰੋਕਤ, ਅਤਿ ਅਹਿਮ ਤੇ ਬੁਨਿਆਦੀ ਨੁਕਤੇ ਉਤੇ ਇਉਂ ਰੋਸ਼ਨੀ ਪਾਈ ਅਤੇ ਬਲ ਦਿੱਤਾ ਹੈ :-

"ਇਕਾ ਬਾਣੀ, ਇਕ ਗੁਰੁ, ਇਕੋ ਸਬਦੁ ਵੀਚਾਰਿ॥

(ਪੰਨਾ 646)

ਐਸੀ ਸਪੱਸ਼ਟ ਵਿਸ਼ੇਸ਼ ਤੇ ਅਦੁੱਤੀ ਵਿਚਾਰਧਾਰਾ ਦਾ ਹੀ ਸਦਕਾ ਹੈ ਕਿ ਸਿੱਖ ਧਰਮ ਵਿਚ ਬਹੁ-ਪੂਜਾ, ਅਵਤਾਰਵਾਦ, ਦੇਵੀ ਦੇਵਤਿਆਂ ਦੀ ਮਨੌਤ, ਫੋਕਟ ਗੀਤਾਂ, ਰਸਮਾਂ, ਕਰਮ-ਕਾਂਡਾਂ, ਵੰਡਾਂ ਵਖਰੇਵਿਆਂ, ਸ਼ਗਨਾਂ

---

1. ਮਾਰਿਆ ਸਿੱਕਾ ਜਗਤੁ ਵਿਚ, ਨਾਨਕ "ਨਿਰਮਲ' ਪੰਥ ਚਲਾਇਆ॥ (ਭਾਈ ਗੁਰਦਾਸ)
2. ਸ਼ਬਦ ਜਿਤੀ ਸਿਧ ਮੰਡਲੀ, ਕੀਤੋਨਿ ਆਪਣਾ ਪੰਥ "ਨਿਰਾਲਾ"॥ (ਭਾਈ ਗੁਰਦਾਸ)

ਅਪਸ਼ਗਨਾਂ ਤੇ ਵਹਿਮ ਪ੍ਰਸਤੀ ਦੀ ਸਖਤ ਮਨਾਹੀ ਹੈ, ਵਾਸਤਵ ਵਿਚ ਸਿੱਖ ਪੰਥ ਦੀ ਨਿਰਮਲਤਾ, ਨਿਰਾਲਮਤਾ, ਦਲੇਰੀ, ਦ੍ਰਿੜਤਾ, ਚੜ੍ਹਦੀ ਕਲਾ ਤੇ ਸਰਬਤ ਦੇ ਭਲੇ ਦੀ ਲੋਚਾ ਦਾ ਭੇਦ "ਇਕ ਓਅੰਕਾਰੀ" - ਮਰਕਜ਼ੀ ਕਿੱਲੀ ਦੇ ਕੇਂਦਰ ਨਾਲ ਜੁੜੇ ਰਹਿਣ ਵਿਚ ਬੰਦ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਸਫਲ ਜੀਵਨ-ਜੁਗਤ ਨੂੰ ਇਸ ਸਰਲ ਅਤੇ ਘਰਾਂ ਵਿਚ ਨਿੱਤ ਵਰਤਦੀ ਉਦਾਹਰਣ ਦੁਆਰਾ ਸਮਝਾਉਣ ਦਾ ਉਪਕਾਰ ਕੀਤਾ ਹੈ :

ਦੋਇ ਪੁੜ ਚਕੀ ਜੋੜਿ ਕੈ, ਪੀਸਣ ਆਇ ਬਹਿਠੁ ॥
ਜੋ ਦਰ ਰਹੇ ਸੁ ਉਬਰੇ, ਨਾਨਕ ਅਜਬੁ ਡਿਠੁ ॥

(ਪੰਨਾ 142)

ਗੁਰਦੇਵ ਜੀ ਦੀ ਪਰਬੀਨ ਅੱਖ ਕੀ ਵੇਖਦੀ ਹੈ ਕਿ ਸੁਵਾਣੀ ਆਟਾ ਪੀਹਣ ਹਿੱਤ ਜਦ ਆ ਚੱਕੀ ਝੋਂਦੀ ਹੈ, ਤਾਂ ਉਹ ਦਾਣੇ ਜੋ ਕਿੱਲੀ ਦੇ ਨਾਲ ਲੱਗੇ ਰਹਿੰਦੇ ਹਨ, ਬਚ ਜਾਂਦੇ ਹਨ, ਪਰ ਜੋ ਕੇਂਦਰੀ ਕਿੱਲੀ ਤੋਂ ਪਰੇ ਦੂਰ ਚਲੇ ਜਾਂਦੇ ਹਨ, ਉਹ ਪਿੱਸ ਜਾਂਦੇ ਹਨ। ਗੁਰਦੇਵ ਸਮਝਾਉਂਦੇ ਹਨ ਕਿ ਨਾਮ ਧੁਰੇ ਦੀ ਇਕਾਈ ਅਥਵਾ ਕੇਂਦਰ ਦੀ ਦੂਰੀ ਤੋਂ ਪੈਦਾ ਹੋਇਆ ਇਨਤਿਸ਼ਾਰ (ਖਿੰਡਾਉ) ਹੀ ਕੌਮਾਂ ਦੀ ਕਮਜ਼ੋਰੀ ਤੇ ਤਬਾਹੀ ਦਾ ਕਾਰਨ ਬਣਦਾ ਹੈ। ਅੱਲਾਮਾ ਇਕਬਾਲ ਵੀ ਗੁਰੂ ਬਾਬੇ ਦੇ ਏਸ ਸੱਚ ਨੂੰ ਜ਼ਿਹਨ ਨਸ਼ੀਨ ਕਰਾਉਣ ਲਈ ਆਪਣੇ ਅੰਦਾਜ਼ ਵਿਚ ਇਉਂ ਤਰਲਾ ਮਾਰਦਾ ਹੈ :

ਕੌਮੋਂ ਕੇ ਲੀਏ ਮੌਤ ਹੈ, ਮਰਕਜ਼ ਸੇ ਜੁਦਾਈ,
ਹੋ ਸਾਹਿਬਿ ਮਰਕਜ਼, ਤੋ ਖ਼ੁਦੀ ਕਿਆ ਹੈ ? ਖ਼ੁਦਾਈ।

(ਭਾਵ : ਪ੍ਰਭੂ-ਕੇਂਦਰ ਨਾਲ ਜੁੜੇ ਰਹਿਣ ਵਿਚ ਤੈਨੂੰ ਕੇਵਲ ਖ਼ੁਦੀ (ਗ਼ੈਰਤ) ਦੀ ਪ੍ਰਾਪਤੀ ਹੀ ਨਹੀਂ ਹੋਵੇਗੀ, ਸਗੋਂ ਖ਼ੁਦਾ ਦੀਆਂ ਸਾਰੀਆਂ ਬਰਕਤਾਂ ਦੀ ਬਖਸ਼ਿਸ਼ ਹੋਵੇਗੀ।)

ਸਿੱਖ ਕੌਮ ਦਾ ਕੇਂਦਰ

ਕਿਸੇ ਵੀ ਹੱਕ-ਸ਼ਨਾਸ ਤੇ ਹੱਕ-ਗੋ ਵਿਅਕਤੀ ਵਲੋਂ ਇਸ ਹਕੀਕਤ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਗੁਰੂ ਸਾਹਿਬਾਨ ਦੇ ਪਾਰਦਰਸ਼ਕ ਹਿਰਦਿਆਂ ਉਤੇ ਧੁਰੋਂ ਆਈ ਬਾਣੀ "ਗੁਰੂ-ਸ਼ਬਦ" ਹੀ ਸਿੱਖ ਕੌਮ ਦਾ ਕੇਂਦਰ ਹੈ। ਇਸ ਧੁਰੇ ਦੇ ਦੁਆਲੇ ਸਿੱਖ ਦੀ ਹਰ ਸਾਰਥਿਕ ਹਰਕਤ ਘੁੰਮਦੀ ਹੈ। ਜਿੰਨੀ ਇਸ ਦੀ ਨੇੜਤਾ (ਹਜ਼ੂਰੀ) ਹੋਵੇਗੀ ਉਤਨੀ ਹੀ ਨਿੱਜੀ ਤੇ ਕੌਮੀ ਜੀਵਨ ਤੌਰ ਵਿਚ ਸਾਂਝ, ਸਾਬਤ ਕਦਮੀ ਤੇ ਪਾਕੀਜ਼ਗੀ ਹੋਵੇਗੀ, "ਸੱਚ-ਧਰਮ" ਵਾਲੀ ਧਾਰਮਿਕਤਾ ਹੋਵੇਗੀ। ਇਸ ਲਈ ਪੰਥਕ "ਸਿਖ ਰਹਿਤ ਮਰਯਾਦਾ" ਨੂੰ ਵੀ ਕੇਵਲ ਗੁਰਤਾ ਪ੍ਰਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦੀ ਕਸਵੱਟੀ ਉਤੇ ਹੀ ਪਰਖਿਆ ਪੜਚੋਲਿਆ ਜਾਣਾ ਲਾਜ਼ਮੀ ਹੈ। ਕਿਸੇ ਵੀ ਸਿੱਖ ਸੰਪ੍ਰਦਾਇ, ਜਥੇ, ਕਮੇਟੀ, ਟਕਸਾਲ ਜਾਂ ਡੇਰੇ ਦੀ ਨਿੱਜ-

ਮੱਤ ਅਨੁਸਾਰ ਵਖਰੇਵੇਂ ਵਾਲਾ ਰਵੱਈਆ, ਕੌਮ ਨੂੰ ਗੁਰੂ-ਆਸ਼ੇ ਦੇ ਕੇਂਦਰ ਤੋਂ ਉਖੜਨ ਤੇ ਖੇਰੂੰ ਖੇਰੂੰ ਕਰਕੇ ਬਰਬਾਦੀ ਦਾ ਬਾਇਸ ਬਣ ਸਕਦਾ ਹੈ।

ਸਿੱਖ ਰਹਿਤ ਮਰਯਾਦਾ ਦੀ ਐਸੀ ਇਕਸਾਰਤਾ ਕਿਉਂ ?

ਮਨੁੱਖੀ ਸੁਭਾਵ ਦੀ ਹਉਮੈਂ ਤੇ ਸਵਾਰਥੀ ਬਿਰਤੀ ਇਸ ਨੂੰ ਸਾਥੀਆਂ ਤੋਂ ਨਿਖੇੜਨ ਤੇ ਪਰਸਪਰ ਵਖਰੇਵੇਂ ਪੈਦਾ ਕਰਨ ਦਾ ਕਾਰਨ ਹੈ। ਪੰਜ ਤੰਤਰੀ ਨੀਤੀ ਦਾ ਵੀ ਨਿਰਣਾ ਹੈ ਕਿ "ਕਾਰਨ ਤੋਂ ਹੋਏ ਮੈਤਰੀ, ਕਾਰਨ ਤੋਂ ਹੋਏ ਵੈਰ"। ਜਦ ਕਾਰਨ ਦੂਰ ਹੋ ਜਾਏ ਤਾਂ ਵਿਵਾਦ ਸਮਾਪਤ ਹੋ ਜਾਂਦਾ ਹੈ। ਮਤਭੇਦ ਪੈਦਾ ਕਰਨ ਵਾਲੇ ਇਹ ਕਾਰਨ ਵੀ ਆਮ ਕਰਕੇ ਦੋ ਪ੍ਰਕਾਰ ਦੇ ਮੰਨੇ ਜਾਂਦੇ ਹਨ : ਇਕ ਸੰਸਾਰਿਕ ਤੇ ਦੂਜੇ ਧਾਰਮਿਕ। ਸੰਸਾਰਿਕ ਮਤਭੇਦ, ਜੋ ਸੰਸਾਰੀ ਪਦਾਰਥਾਂ ਦੀ ਵੰਡ ਆਦਿ ਤੋਂ ਪੈਦਾ ਹੁੰਦੇ ਹਨ, ਉਹ, ਕਾਰਨ ਦਾ ਅਭਾਵ ਹੋਣ ਉਤੇ ਕਿਸੇ ਨ ਕਿਸੇ ਸਮੇਂ ਅਤੇ ਸਟੇਜ ਉਤੇ ਮੁਕ ਜਾਂਦੇ ਹਨ, ਪਰੰਤੂ ਧਾਰਮਿਕ ਪਾੜੇ ਨਦੀਆਂ ਤੋਂ ਵਿਛੜੀਆਂ ਸ਼ਾਖਾਂ ਵਾਂਗ, ਸਮਾਂ ਗੁਜ਼ਰਨ ਦੇ ਨਾਲ ਨਾਲ ਵਧਦੇ ਹੀ ਜਾਂਦੇ ਹਨ। ਸਿੱਖ ਧਰਮ ਵਿਚੋਂ ਹੀ ਉਦਾਹਰਣ ਲੈ ਲਵੋ — ਉਦਾਸੀਆਂ ਤੇ ਨਾਮਧਾਰੀਆਂ ਦੇ ਪੰਥ ਨਾਲ ਇਕ ਵੇਰ ਪਏ ਪਾੜੇ ਦੀ ਕਦੀ ਵੀ ਖਤਮ ਹੋਣ ਦੀ ਸੰਭਾਵਨਾ ਨਹੀਂ। ਏਸੇ ਲਈ "ਸਿਖ ਰਹਿਤ ਮਰਯਾਦਾ", ਜਿਸ ਵਿਚ ਸਿੱਖੀ ਅਥਵਾ ਗੁਰਮਤਿ ਦੇ, ਮੋਟੇ ਮੋਟੇ ਧਾਰਮਿਕ ਤੇ ਸਮਾਜਿਕ ਸਿਧਾਂਤ ਅੰਕਿਤ ਹਨ, ਦੀ ਇਕਸਾਰਤਾ ਉਤੇ ਇੰਨਾ ਜ਼ੋਰ ਦਿੱਤਾ ਜਾਂਦਾ ਹੈ। ਇਹ ਇਕਸਾਰਤਾ ਸਾਡੇ ਪੰਥਕ ਜੀਵਨ ਦੀ ਸ਼ਾਹ-ਰਗ ਸਮਾਨ ਹੈ। ਸੋ ਸਾਡਾ ਤੀਜੇ ਗੁਰਦੇਵ ਜੀ ਦੀ ਇਹ ਤੁਕ ਵਾਰ ਵਾਰ ਦੁਹਰਾਉਣ ਦਾ ਇਹੀ ਮਕਸਦ ਹੈ ਕਿ ਅਸੀਂ ਸਾਰੇ "ਆਸ਼ਾ, ਇਸ਼ਟ, ਉਪਾਸਨਾ, ਖਾਣ, ਪਾਣ, ਪਹਿਰਾਣ" ਵਿਚ ਪੰਥਕ ਤੌਰ ਉਤੇ ਇਕ ਮਿੱਕ ਹੋ ਕੇ ਗੁਰੂ ਬਾਬੇ ਦੇ ਮਾਨਵੀ ਮੱਤ ਦਾ ਬੋਲਬਾਲਾ ਕਰੀਏ :

ਇਕਾ ਬਾਣੀ ਇਕੁ ਗੁਰੁ, ਇਕੋ ਸਬਦੁ ਵੀਚਾਰਿ॥

(ਮ: ਤੀਜਾ)

ਇਤਿਹਾਸ ਗਵਾਹ ਹੈ ਕਿ ਗੁਰੂ ਕਾਲ ਤੋਂ ਲੈ ਕੇ ਸਿੱਖ ਮਿਸਲਾਂ ਤੱਕ ਦੇ ਸੰਘਰਸ਼ ਕਾਲ ਤੱਕ, ਕੌਮ ਸਦਾ ਹਰ ਪ੍ਰਕਾਰ ਦੇ ਨਿੱਜੀ ਲਾਭਾਂ ਤੋਂ ਉਚੇਰੇ ਉੱਠ ਕੇ, ਪੰਥਕ ਹਿੱਤਾਂ ਦੀ ਕੇਂਦਰੀ ਕਿੱਲੀ ਨਾਲ ਜੁੜੀ ਰਹੀ। ਸੱਚ ਤਾਂ ਇਹ ਹੈ ਕਿ ਉਨ੍ਹਾਂ ਦੀਆਂ ਲਹੂ ਭਿੱਜੀਆਂ ਬਿਖਮ ਸਫਲਤਾਵਾਂ ਦਾ ਭੇਤ ਸੀ, ਉਨ੍ਹਾਂ ਦਾ ਗੁਰੂ ਆਸ਼ਿਆਂ, ਗੁਰਬਾਣੀ ਅਥਵਾ ਪੰਥਕ ਏਕਤਾ ਦੇ ਪ੍ਰਤੀਕ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੁੜੇ ਰਹਿਣਾ। ਹਰੇਕ ਦਲ, ਮਿਸਲ ਅਥਵਾ ਜਥਾ, ਛੋਟੇ ਮੋਟੇ ਨਿੱਜੀ ਮਤਭੇਦਾਂ ਦੇ ਬਾਵਜੂਦ ਸ੍ਰੀ ਅਕਾਲ ਤਖਤ ਸਾਹਿਬ ਦੀ ਇਕਾਈ ਤੇ ਰਹਿਨੁਮਾਈ ਵੱਲ ਸਨਮੁੱਖ ਸੀ। ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਸਿੱਖ ਰਾਜ ਅਥਵਾ "ਖਾਲਸਾ ਸਰਕਾਰ" ਦੀ ਸਥਾਪਨਾ

ਅਸਲ ਵਿਚ, ਜ਼ੋਰ ਜ਼ੁਲਮ ਵਿਰੁੱਧ, ਇਕ ਮੁੱਠ ਹੋ ਕੇ ਕੀਤੇ ਗਏ ਧਰਮੀ ਸੰਘਰਸ਼ ਦਾ ਸਿਖ਼ਰ ਸੀ।

ਨਿਰਮਲ ਸਿੱਖ ਸਿਧਾਂਤਾਂ ਵਿੱਚ ਮਿਲਾਵਟ

ਇਸ ਵਿਚ ਸ਼ੱਕ ਨਹੀਂ ਕਿ "ਖਾਲਸਾ ਸਰਕਾਰ" ਕਰਕੇ ਜਾਣਿਆ ਜਾਂਦਾ ਰਾਜ ਤਾਂ ਕਾਇਮ ਹੋ ਗਿਆ ਪਰੰਤੂ ਕਾਇਮੀ ਦੇ ਨਾਲ ਹੀ ਇਸ ਦੇ ਨਿਰਮਲ ਤੇ ਨਿਰਾਲੇ (ਨਿਆਰੇ) ਸਿੱਖੀ ਸਿਧਾਂਤਾਂ ਵਿਚ ਰਲਾ ਪੈਣ ਦਾ ਮੁੱਢ ਵੀ ਬੱਝ ਗਿਆ। "ਪੰਥ" ਸਹਿਜੇ ਸਹਿਜੇ ਫਿਰ ਬਿਪਰਨ ਦੀਆਂ ਰੀਤਾਂ, ਰਸਮਾਂ, ਜਾਤਾਂ-ਪਾਤਾਂ, ਫੋਕਟ ਕਰਮ-ਕਾਂਡਾਂ ਅਤੇ ਅਵਤਾਰਾਂ ਤੇ ਦੇਵੀ ਦੇਵਤਿਆਂ ਆਦਿ ਦੀ ਬਹੁਪੂਜਾ ਵਿਚ ਉਲਝ ਕੇ ਆਪਣੀ ਖਾਲਸਈ ਪਹਿਚਾਣ ਗਵਾਉਣ ਲੱਗਾ। ਸਤਿਗੁਰਾਂ ਨੇ ਇਸ ਨੂੰ ਗੁਰਬਾਣੀ ਦੀ ਰੋਸ਼ਨੀ ਦੁਆਰਾ ਅਨੇਕਤਾ ਦੀ ਜਿਸ ਜਿੱਲਣ ਵਿਚੋਂ ਕੱਢ ਕੇ ਇਕ ਅਕਾਲ ਦੀ ਪੂਜਾ ਤੇ ਸ਼ਬਦ ਦੇ ਪਰਚੇ ਵੱਲ ਲਾਇਆ ਸੀ, ਇਹ ਫੇਰ ਉਸੇ ਚਿੱਕੜ ਵਿਚ ਧੱਸਣ ਲੱਗਾ। ਭਾਈ ਗੁਰਦਾਸ ਜੀ ਵਲੋਂ ਦੋ ਕੁ ਸਦੀਆਂ ਪਹਿਲਾਂ ਜਿਨ੍ਹਾਂ ਕੁਰੀਤੀਆਂ ਵਲੋਂ ਵਰਜਿਆ ਸੀ, ਪੰਥ ਫੇਰ ਉਨ੍ਹਾਂ ਵਿਚ ਹੀ ਗ੍ਰਸਦਾ ਜਾ ਰਿਹਾ ਹੈ ਜਿਵੇਂ:

ਆਦਿਤ ਆਉ ਸੋਮ ਭੌਮ ਬੁਧ ਹੂੰ ਬ੍ਰਹਸਪਤਿ
ਸ਼ੁਕਰ ਸ਼ਨੀਚਰ ਸਾਤੋ ਬਾਰ ਬਾਟ ਲੀਨੇ ਹੈ॥

ਥਿਤਿ ਪਛ ਮਾਸ ਰੁਤਿ ਲੋਗਨ ਮੈ ਲੋਗਾਚਾਰ
ਏਕ ਏਕੰਕਾਰ ਕੋ ਨ ਕੋਊ ਦਿਨ ਦੀਨੇ ਹੈ॥

ਜਨਮ ਅਸ਼ਟਮੀ ਰਾਮ ਨਉਮੀ ਏਕਾਦਸੀ ਭਈ
ਦੁਆਦਸੀ ਚਤੁਰਦਸੀ ਜਨਮੁ ਏ ਕੀਨੇ ਹੈ॥

ਪਰਜਾ ਉਪਾਰਜਨ ਕੋ ਨ ਕੋਊ ਪਾਵੈ ਦਿਨੁ
ਅਜੋਨੀ ਜਨਮ ਦਿਨੁ ਕਹੌ ਕੈਸੇ ਚੀਨੇ ਹੈ॥

(ਕਬਿਤ ਸਵਯੇ...484)

ਸਿੱਖ ਨੂੰ ਸਪੱਸ਼ਟ ਉਪਦੇਸ਼ ਸੀ :

ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ
ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ॥

ਪੂਛਤ ਨ ਜੋਤਕ ਅਉ ਬੇਦ ਥਿਤਿ ਵਾਰ ਕਛੁ
ਗ੍ਰਿਹ ਅਉ ਨਿਖਤ੍ਰ ਕੀ ਨ ਸੰਕਾ ਉਰਧਾਰੀ ਹੈ॥

ਜਾਨਤ ਨ ਸਗਨ ਲਗਨ ਆਨ ਦੇਵ ਸੇਵ
ਸ਼ਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ॥

ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕਿ ਹੁਇ
ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ॥
(ਕਬਿਤ ਸਵਯੇ...448)

20ਵੀਂ ਵਾਰ ਦੀ 8ਵੀਂ ਪਉੜੀ ਵਿਚ ਭਾਈ ਸਾਹਿਬ ਇਕ ਅਕਾਲ ਪੁਰਖੀ ਟੇਕ ਨੂੰ ਇਉਂ ਦ੍ਰਿੜ ਕਰਾਉਂਦੇ ਹਨ :

ਸਜਾ ਖਬਾ ਸਉਣੁ ਨ ਮੰਨਿ ਵਸਾਇਆ॥
ਨਾਰਿ ਪੁਰਖ ਨੋ ਵੇਖਿ ਨ ਪੈਰੁ ਹਟਾਇਆ॥
ਭਾਖ ਸੁਭਾਖ ਵੀਚਾਰਿ ਨ ਛਿਕ ਮਨਾਇਆ॥
ਦੇਵੀ ਦੇਵ ਨ ਸੇਵ, ਨ ਪੂਜ ਕਰਾਇਆ॥
ਭੰਭਲ ਭੂਸੇ ਖਾਇ ਨ ਮਨ ਭਰਮਾਇਆ॥
ਗੁਰਸਿਖ ਸਚਾ ਖੇਤੁ ਬੀਜ ਫਲਾਇਆ॥

ਸਭ ਵਹਿਮਾਂ, ਭਰਮਾਂ, ਭੁਲੇਖਿਆਂ ਤੇ ਅਨ-ਉਪਾਸ਼ਨਾਵਾਂ ਤੋਂ ਉਪਰ ਉਠ ਕੇ ਕੇਵਲ ਇਕ ਨਿਰੰਕਾਰ ਵੱਲ, ਨੱਕ ਦੀ ਸੇਧੇ ਜਾਣ ਦਾ ਨਾਮ ਸਿੱਖੀ ਹੈ।

19ਵੀਂ ਸਦੀ ਦੀ ਅੰਤਲੀ ਚੌਥਾਈ ਵਿਚ "ਸਿੰਘ ਸਭਾ ਸੁਧਾਰ ਲਹਿਰ" ਦਾ ਉਪਜਣਾ ਇਸ ਕੌਮੀ ਪਤਨ ਦਾ ਪ੍ਰਤੱਖ ਸਬੂਤ ਹੈ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਇਸ ਲਹਿਰ ਦੇ ਵੱਡੇ ਮੋਢੀਆਂ ਵਿਚੋਂ ਸਨ। ਸੰਨ 1873 ਵਿਚ, ਸਰਦਾਰ ਠਾਕੁਰ ਸਿੰਘ ਸੰਧਾਂਵਾਲੀਆ ਦੇ ਪੁਰਸ਼ਾਰਥ ਨਾਲ, ਲਾਹੌਰ ਤੋਂ ਉਪਰੰਤ, ਸ੍ਰੀ ਅੰਮ੍ਰਿਤਸਰ ਪਹਿਲੀ ਵਾਰ ਸਿੰਘ ਸਭਾ ਕਾਇਮ ਹੋਈ ਅਤੇ ਆਖਰ ਇਹ ਜਦੋ-ਜਹਿਦ 'ਅਕਾਲੀ ਲਹਿਰ' ਦਾ ਰੂਪ ਧਾਰਦੀ ਹੋਈ, ਵੱਡੀਆਂ ਕੁਰਬਾਨੀਆ ਉਪਰੰਤ ਸਫਲਤਾ ਸਹਿਤ, ਗੁਰਦੁਆਰਾ ਐਕਟ 1925 ਅਧੀਨ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਦੇ ਰੂਪ ਵਿਚ ਜਾ ਨਿਬੜੀ। ਸ਼੍ਰੋਮਣੀ ਕਮੇਟੀ ਸਿੱਖਾਂ ਦੀ ਧਾਰਮਿਕ, ਸਮਾਜਿਕ ਤੇ ਵਿਦਿਅਕ ਅਗਵਾਈ ਲਈ ਸਭ ਤੋਂ ਵੱਡੀ ਪ੍ਰਤੀਨਿਧ ਜਮਾਤ ਹੈ।

ਸਿੱਖ ਰਹਿਤ ਮਰਯਾਦਾ ਦੇ ਖਰੜੇ ਦੀ ਤਿਆਰੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆ ਜਾਣ ਉਪਰੰਤ ਵੀ ਇਸ ਦੇ ਸੂਝਵਾਨ, ਸੁਘੜ ਤੇ ਦੂਰ ਅੰਦੇਸ਼ ਨੇਤਾਵਾਂ ਨੂੰ ਖਦਸ਼ਾ ਸੀ ਕਿ ਪੰਥ ਕਿਤੇ ਫੇਰ ਵੱਖ ਵੱਖ ਮਨਮਤੀ ਮਨੌਤਾਂ, ਬ੍ਰਾਹਮਣਵਾਦੀ ਅਧਾਰਮਿਕ ਭੰਭਲ-ਭੂਸਿਆਂ ਅਤੇ ਪਰਸਪਰ ਮਤਭੇਦਾਂ ਤੇ ਵਖਰੇਵੇਂ ਵਾਲੀਆਂ ਫੋਕਟ ਰੀਤਾਂ, ਰਸਮਾਂ, ਰਿਵਾਜਾਂ ਅਤੇ ਅਨੁਚਿਤ ਤੇ ਅਰਥਹੀਣ ਸੰਸਕਾਰਾਂ ਦੇ ਭੀਹਾਵਲੇ ਜੰਗਲ ਵਿਚ ਨ ਗਵਾਚ ਜਾਵੇ। ਸੋ ਸਤੰਬਰ, 1931 ਵਿਚ ਪੰਥ ਦੇ ਸੁਹਿਰਦ ਤੇ ਸੁਘੜ ਵਿਦਵਾਨਾਂ ਦੀ ਇਕ "ਰਹੁਰੀਤੀ ਕਮੇਟੀ" ਬਣਾਈ

ਗਈ ਅਤੇ ਪ੍ਰੋਫੈਸਰ ਤੇਜਾ ਸਿੰਘ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਜਿਹੇ ਗੁਰਮੱਤ ਤੇ ਸਿੱਖ ਇਤਿਹਾਸ ਦੇ ਖੋਜੀ ਵਿਦਵਾਨ ਨੂੰ ਇਸ ਦਾ ਕਨਵੀਨਰ ਨਿਯੁਕਤ ਕੀਤਾ ਗਿਆ।

ਇਸ ਸਬ-ਕਮੇਟੀ ਦੀਆਂ ਇਕਤ੍ਰਤਾਵਾਂ 4-5 ਅਕਤੂਬਰ 1931, 1 ਜਨਵਰੀ 1932, 31 ਜਨਵਰੀ 1932 ਤੇ 8 ਮਈ 1932 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਈਆਂ। ਇਸ ਸੰਬੰਧ ਵਿਚ ਹੋਈ ਸਾਰੀ ਕਾਰਵਾਈ ਬਾਰੇ ਪ੍ਰੋ. ਤੇਜਾ ਸਿੰਘ, ਕਨਵੀਨਰ 'ਰਹੁਰੀਤੀ ਸਬ-ਕਮੇਟੀ' ਦੀ ਹੇਠਾਂ ਅੰਕਿਤ ਵਾਕਫ਼ੀ-ਭਰਪੂਰ ਰਿਪੋਰਟ ਵਾਚਣੀ ਅਤਿ ਲਾਭਦਾਇਕ ਹੋਵੇਗੀ :-

"ਰਿਪੋਰਟ ਰਹੁਰੀਤੀ ਸਬ-ਕਮੇਟੀ"
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸੇਵਾ ਵਿਚ

ਸ੍ਰੀ ਮਾਨ ਸਕੱਤਰ ਸਾਹਿਬ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਸ੍ਰੀਮਾਨ ਜੀ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਵਿਚ ਗੁਰ-ਮਰਯਾਦਾ ਨੂੰ ਠੀਕ ਤਰ੍ਹਾਂ ਨੀਯਤ ਕਰਨ ਹਿੱਤ, ਰਹਿਤ ਮਰਯਾਦਾ ਦਾ ਇਕ ਖਰੜਾ ਤਿਆਰ ਕਰਨ ਲਈ ਹੇਠ ਲਿਖੇ ਸੱਜਣਾਂ ਦੀ ਸਬ-ਕਮੇਟੀ ਬਣਾਈ ਸੀ :-

1. ਗਿਆਨੀ ਠਾਕਰ ਸਿੰਘ ਜੀ, ਅੰਮ੍ਰਿਤਸਰ
2. ਗਿਆਨ ਸ਼ੇਰ ਸਿੰਘ ਜੀ
3. ਭਾਈ ਬੁੱਧ ਸਿੰਘ ਜੀ
4. ਅਕਾਲੀ ਕੌਰ ਸਿੰਘ ਜੀ
5. ਸੰਤ ਸੰਗਤ ਸਿੰਘ ਜੀ, ਕਮਾਲੀਆ
6. ਭਾਈ ਕਾਨ੍ਹ ਸਿੰਘ ਜੀ, ਨਾਭਾ
7. ਸੰਤ ਗੁਲਾਬ ਸਿੰਘ ਜੀ, ਘੋਲੀਆਂ
8. ਭਾਈ ਲਾਭ ਸਿੰਘ ਜੀ, ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ
9. ਭਾਈ ਹਜ਼ੂਰਾ ਸਿੰਘ ਜੀ, ਹਜ਼ੂਰ ਸਾਹਿਬ (ਜਾਂ ਉਹਨਾਂ ਦਾ ਭੇਜਿਆ ਹੋਇਆ ਕੋਈ ਪ੍ਰਤੀਨਿਧ)
10. ਪੰਡਤ ਬਸੰਤ ਸਿੰਘ ਜੀ, ਪਟਿਆਲਾ
11. ਭਾਈ ਵੀਰ ਸਿੰਘ ਜੀ, ਅੰਮ੍ਰਿਤਸਰ
12. ਗਿਆਨੀ ਹੀਰਾ ਸਿੰਘ ਜੀ 'ਦਰਦ'

13. ਬਾਵਾ ਹਰਿਕਿਸ਼ਨ ਸਿੰਘ ਜੀ, ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ, ਗੁਜਰਾਂਵਾਲਾ
14. ਭਾਈ ਤ੍ਰਿਲੋਚਨ ਸਿੰਘ ਜੀ, ਸੁਰ ਸਿੰਘ, ਜ਼ਿਲਾ ਲਾਹੌਰ
15. ਗਿਆਨੀ ਹਮੀਰ ਸਿੰਘ ਜੀ, ਅੰਮ੍ਰਿਤਸਰ
16. ਪੰਡਿਤ ਕਰਤਾਰ ਸਿੰਘ ਜੀ, ਦਾਖਾ, ਜ਼ਿਲਾ ਲੁਧਿਆਣਾ
17. ਜਥੇਦਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ
18. ਜਥੇਦਾਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
19. ਜਥੇਦਾਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ
20. ਪ੍ਰੋਫੈਸਰ ਗੰਗਾ ਸਿੰਘ ਜੀ
21. ਪ੍ਰੋਫੈਸਰ ਜੋਧ ਸਿੰਘ ਜੀ
22. ਸੰਤ ਮਾਨ ਸਿੰਘ ਜੀ, ਕਨਖ਼ਲ (ਹਰਿਦੁਆਰ)
23. ਜਥੇਦਾਰ ਤੇਜਾ ਸਿੰਘ ਜੀ (ਅਕਰਪੁਰੀ)
24. ਭਾਈ ਰਣਧੀਰ ਸਿੰਘ ਜੀ (ਨਾਰੰਗਵਾਲ)
25. ਪ੍ਰੋਫੈਸਰ ਤੇਜਾ ਸਿੰਘ (ਕਨਵੀਨਰ)

ਇਸ ਸਬ-ਕਮੇਟੀ ਦੇ ਸਮਾਗਮ 4-5 ਅਕਤੂਬਰ 1931, 3 ਜਨਵਰੀ 1932, ਅਤੇ 31 ਜਨਵਰੀ 1932 ਨੂੰ ਅਕਾਲ ਤਖ਼ਤ ਸਾਹਿਬ ਉਤੇ ਹੋਏ, ਜਿਨ੍ਹਾਂ ਵਿਚ ਹੇਠ ਲਿਖੇ ਮੈਂਬਰ ਦਰਸ਼ਨ ਦੇ ਕੇ ਵਿਚਾਰ ਵਿਚ ਹਿੱਸਾ ਲੈਂਦੇ ਰਹੇ :

ਅਕਾਲੀ ਕੌਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ, ਸੰਤ ਮਾਨ ਸਿੰਘ ਜੀ ਨਿਮਰਲੇ, ਪ੍ਰੋ. ਗੰਗਾ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਹੀਰਾ ਸਿੰਘ ਜੀ ਦਰਦ, ਭਾਈ ਲਾਭ ਸਿੰਘ ਜੀ ਗ੍ਰੰਥੀ, ਗਿਆਨੀ ਠਾਕੁਰ ਸਿੰਘ ਜੀ, ਗਿਆਨੀ ਹਮੀਰ ਸਿੰਘ ਜੀ, ਬਾਬਾ ਹਰਿਕਿਸ਼ਨ ਸਿੰਘ ਜੀ ਐਮ.ਏ., ਜਥੇਦਾਰ ਤੇਜਾ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ ਅਤੇ ਦਾਸ-ਕਨਵੀਨਰ।

ਇਹਨਾਂ ਤੋਂ ਇਲਾਵਾ ਹੇਠ ਲਿਖੇ ਸੱਜਣ ਕਦੀ ਕਦੀ ਦਰਸ਼ਨ ਦਿੰਦੇ ਰਹੇ :

ਸ. ਧਰਮ ਅਨੰਤ ਸਿੰਘ ਜੀ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ, ਸ. ਭਾਗ ਸਿੰਘ ਜੀ ਵਕੀਲ, ਗੁਰਦਾਸਪੁਰ, ਸ. ਵਸਾਵਾ ਸਿੰਘ ਜੀ ਸਕੱਤਰ ਸ਼੍ਰੋਮਣੀ ਕਮੇਟੀ, ਮਾਸਟਰ ਤਾਰਾ ਸਿੰਘ ਜੀ (ਪ੍ਰਧਾਨ ਸ਼੍ਰੋਮਣੀ ਅਕਾਲੀ ਦਲ) ਆਦਿ।

ਇਹ ਖਰੜਾ ਇਸ "ਰਹੁਰੀਤੀ ਕਮੇਟੀ" ਵਲੋਂ ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਪੇਸ਼ ਕੀਤਾ ਜਾਂਦਾ ਹੈ। ਆਸ ਹੈ ਆਪ ਇਸ ਖਰੜੇ ਨੂੰ ਪੰਥ ਦੀ ਰਾਇ ਲੈਣ ਲਈ, ਛਪਵਾ ਕੇ ਪ੍ਰਕਾਸ਼ਿਤ ਕਰੋਗੇ ਅਤੇ ਰਾਵਾਂ ਆਉਣ ਤੇ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਚ ਅੰਤਿਮ ਪ੍ਰਵਾਨਗੀ ਲਈ ਪੇਸ਼ ਕਰੋਗੇ।

ਇਸ ਤੋਂ ਉਪਰੰਤ ਸ਼੍ਰੋਮਣੀ ਕਮੇਟੀ ਦੀ ਆਗਿਆ ਅਨੁਸਾਰ 8 ਮਈ, 1932 ਨੂੰ ਖਰੜੇ ਉਤੇ ਇਕ ਵਾਰੀ ਹੋਰ ਵਿਚਾਰ ਕੀਤੀ ਗਈ। ਹੇਠ ਲਿਖੇ ਸੱਜਣ ਹਾਜ਼ਰ ਹਨ :

ਜਥੇਦਾਰ ਤੇਜਾ ਸਿੰਘ, ਸੰਤ ਤੇਜਾ ਸਿੰਘ, ਗ੍ਰੰਥੀ ਸ੍ਰੀ ਨਨਕਾਣਾ ਸਾਹਿਬ, ਗਿਆਨੀ ਗੁਰਮੁਖ ਸਿੰਘ 'ਮੁਸਾਫਰ', ਗਿਆਨੀ ਨਾਹਰ ਸਿੰਘ, ਸ. ਵਸਾਵਾ ਸਿੰਘ, ਸਕੱਤਰ ਸ਼੍ਰੋਮਣੀ ਕਮੇਟੀ, ਭਾਈ ਕਰਤਾਰ ਸਿੰਘ 'ਝੱਬਰ', ਸ. ਵਰਿਆਮ ਸਿੰਘ ਗਰਮੂਲਾ (ਮੈਂਬਰ ਇੰਚਾਰਜ ਨਨਕਾਣਾ ਸਾਹਿਬ), ਭਾਈ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਸ. ਲਾਲ ਸਿੰਘ, ਜਥੇਦਾਰ ਮੋਹਨ ਸਿੰਘ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਆਦਿ।

ਇਸ ਤੋਂ ਉਪਰੰਤ ਕਈ ਸੱਜਣਾਂ ਦੇ ਜ਼ੋਰ ਦੇਣ ਤੇ ਖਰੜੇ ਉਤੇ ਮੁੜ ਵਿਚਾਰ ਕਰਨ ਲਈ ਰਹੁਰੀਤੀ ਕਮੇਟੀ ਦਾ ਇਕ ਹੋਰ ਸਮਾਗਮ 29 ਸਤੰਬਰ, 1932 ਨੂੰ ਕੀਤਾ ਗਿਆ। ਇਸ ਵਿਚ ਹੇਠ ਲਿਖੇ ਮੈਂਬਰ ਹਾਜ਼ਰ ਸਨ :

ਗਿਆਨੀ ਸ਼ੇਰ ਸਿੰਘ ਜੀ, ਗਿਆਨੀ ਠਾਕਰ ਸਿੰਘ ਜੀ, ਗਿਆਨੀ ਹਮੀਰ ਸਿੰਘ ਜੀ, ਭਾਈ ਲਾਭ ਸਿੰਘ ਜੀ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫ਼ਰ', ਭਾਈ ਜੋਗਿੰਦਰ ਸਿੰਘ ਜੀ (ਮੀਤ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ), ਜਥੇਦਾਰ ਤੇਜਾ ਸਿੰਘ ਜੀ, ਗਿਆਨੀ ਨਾਹਰ ਸਿੰਘ ਜੀ ਅਤੇ ਦਾਸ ਕਨਵੀਨਰ।

ਇਸ ਤੋਂ ਇਲਾਵਾ ਸੰਤ ਤੇਜਾ ਸਿੰਘ ਜੀ ਐਮ.ਏ. ਵੀ ਵਿਚਾਰ ਵਿਚ ਹਿੱਸਾ ਲੈਂਦੇ ਰਹੇ। ਕਮੇਟੀ ਨੇ ਬੜੇ ਗਹੁ ਨਾਲ ਸਾਰੇ ਖਰੜੇ ਉਤੇ ਵਿਚਾਰ ਕੀਤੀ ਅਤੇ ਇਸ ਨੂੰ ਚੰਗੀ ਤਰ੍ਹਾਂ ਸੋਧਿਆ।

ਹੁਣ ਇਹ ਖਰੜਾ ਰਹੁ-ਰੀਤ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਫਿਰ ਪੇਸ਼ ਕੀਤਾ ਜਾਂਦਾ ਹੈ। ਕ੍ਰਿਪਾ ਕਰਕੇ ਇਸ ਖਰੜੇ ਨੂੰ ਛਪਵਾ ਕੇ ਸੰਗਤਾਂ ਦੀ ਸੇਵਾ ਵਿਚ, ਅੰਤਿਮ ਵੇਰ ਰਾਏ ਦੇਣ ਲਈ ਭੇਜੋ। ਨਾਲ ਹੀ ਇਸ ਖਰੜੇ ਨੂੰ ਵਿਚਾਰਨ ਅਤੇ ਅੰਤਮ ਪ੍ਰਵਾਨਗੀ ਦੇਣ ਲਈ ਸ਼੍ਰੋਮਣੀ ਕਮੇਟੀ ਦਾ ਖਾਸ ਇਜਲਾਸ ਬੁਲਾਇਆ ਜਾਵੇ।

ਦਾਸ ਤੇਜਾ ਸਿੰਘ
ਕਨਵੀਨਰ,
ਰਹੁਰੀਤ ਕਮੇਟੀ

ਮਿਤੀ : 1 ਅਕਤੂਬਰ, 1932

ਦੇਸ ਪ੍ਰਦੇਸ 'ਚੋਂ 21 ਜਥੇਬੰਦੀਆਂ ਦੀਆਂ ਰਾਵਾਂ ਆ ਜਾਣ ਉਪਰੰਤ ਆਖ਼ਰ ਪੰਜ ਸਾਲਾਂ ਦੀ ਘੋਖ ਉਪਰੰਤ "ਸਰਬ-ਹਿੰਦ ਸਿੱਖ ਮਿਸ਼ਨ ਬੋਰਡ" ਨੇ ਆਪਣੇ ਮਤਾ ਨੰਬਰ 1 ਮਿਤੀ 1-9-1936 ਰਾਹੀਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੇ ਮਤਾ ਨੰਬਰ 14 ਮਿਤੀ 12-10-1936 ਦੁਆਰਾ ਉਪਰੋਕਤ ਖਰੜੇ ਨੂੰ ਪ੍ਰਵਾਨਗੀ ਬਖਸ਼ੀ ਅਤੇ ਮੁੜ ਸ਼੍ਰੋਮਣੀ ਕਮੇਟੀ

ਦੀ "ਧਾਰਮਿਕ ਸਲਾਹਕਾਰ ਕਮੇਟੀ" ਨੇ ਆਪਣੀ ਇਕੱਤਰਤਾ ਮਿਤੀ 7-1-1945 ਵਿਚ ਇਸ ਨੂੰ ਵਿਚਾਰ ਕੇ ਇਸ ਵਿਚ ਕੁਝ ਵਾਧੇ ਘਾਟੇ ਕਰਨ ਦੀ ਸਿਫਾਰਿਸ਼ ਕੀਤੀ। ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤਰਤਾ ਵਿਚ ਹੇਠ ਲਿਖੇ ਮੈਂਬਰ ਹਾਜ਼ਰ ਸਨ :

1. ਸਿੰਘ ਸਾਹਿਬ ਜਥੇਦਾਰ ਮੋਹਨ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ
2. ਭਾਈ ਸਾਹਿਬ ਭਾਈ ਅਛਰ ਸਿੰਘ ਜੀ, ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
3. ਪ੍ਰੋ. ਤੇਜਾ ਸਿੰਘ ਜੀ, ਐਮ.ਏ. ਖਾਲਸਾ ਕਾਲਜ, ਅੰਮ੍ਰਿਤਸਰ
4. ਪ੍ਰੋ. ਗੰਗਾ ਸਿੰਘ ਜੀ, ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ
5. ਗਿਆਨੀ ਲਾਲ ਸਿੰਘ ਜੀ, ਪ੍ਰੋਫੈਸਰ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ
6. ਪ੍ਰੋ. ਸ਼ੇਰ ਸਿੰਘ ਜੀ, ਐਮ.ਏ. ਗੌਰਮਿੰਟ ਕਾਲਜ, ਲੁਧਿਆਣਾ
7. ਬਾਵਾ ਪ੍ਰੇਮ ਸਿੰਘ ਜੀ ਹੋਤੀ
8. ਗਿਆਨੀ ਬਾਦਲ ਸਿੰਘ ਜੀ ਇੰਚਾਰਜ, ਸਿੱਖ ਮਿਸ਼ਨ ਹਾਪੜ (ਯੂ.ਪੀ.)

ਰਹਿਤ ਮਰਯਾਦਾ ਦੇ ਖਰੜੇ ਸੰਬੰਧੀ ਰਾਵਾਂ ਭੇਜਣ ਵਾਲੇ 50 ਵਿਦਵਾਨਾਂ ਵਿਚੋਂ ਕੁਝ ਕੁ ਦੇ ਨਾਂ ਸਨ :

1. ਭਾਈ ਰਾਮ ਸਿੰਘ, ਡੇਰਾ ਬਾਬਾ ਮਿਸ਼ਰਾ ਸਿੰਘ, ਅੰਮ੍ਰਿਤਸਰ
2. ਗਿਆਨੀ ਹੀਰਾ ਸਿੰਘ 'ਦਰਦ', ਲਾਹੌਰ
3. ਗਿਆਨੀ ਨਾਹਰ ਸਿੰਘ ਸੰਪਾਦਕ ("ਅਸਲੀ ਕੌਮੀ ਦਰਦ" ਅੰਮ੍ਰਿਤਸਰ)
4. ਭਾਈ ਕਾਨ੍ਹ ਸਿੰਘ, ਨਾਭਾ
5. ਸੰਤ ਟਹਿਲ ਸਿੰਘ, ਅੰਮ੍ਰਿਤਸਰ
6. ਐਡੀਟਰ, ਖਾਲਸਾ ਤੇ ਖਾਲਸਾ ਐਡਵੋਕੇਟ, ਅੰਮ੍ਰਿਤਸਰ
7. ਸੰਤ ਗੁਲਾਬ ਸਿੰਘ ਘੋਲੀਆ, ਮੋਗਾ
8. ਭਾਈ ਚਤੁਰ ਸਿੰਘ, ਗੁਰਦੁਆਰਾ ਸਾਰੰਬਨ, ਮਲਾਇਆ
9. ਪੰਡਤ ਕਰਤਾਰ ਸਿੰਘ, ਦਾਖਾ, ਲੁਧਿਆਣਾ
10. ਭਾਈ ਛਹਿਬਰ ਸਿੰਘ, ਹੈਡਮਾਸਟਰ, ਖਾਲਸਾ ਉਪਦੇਸ਼ਕ ਕਾਲਜ, ਘਰਜਾਖ (ਗੁਜਰਾਂਵਾਲਾ, ਪਾਕਿਸਤਾਨ)

11. ਭਾਈ ਮਲ ਸਿੰਘ, ਕਸ਼ਮੀਰ

12. ਭਾਈ ਮੋਹਨ ਸਿੰਘ ਵੈਦ, ਤਰਨਤਾਰਨ

13. ਭਾਈ ਜੋਧ ਸਿੰਘ "ਕ੍ਰਿਪਾਨ ਬਹਾਦਰ" ਮਲਾਯਾ

ਉਪਰੋਕਤ ਸਵਿਸਥਾਰ ਹਵਾਲਾ ਕਿਉਂ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 65 ਕੁ ਸਾਲ ਤੋਂ ਛਾਪੀ ਤੇ ਪ੍ਰਚਾਰੀ ਜਾ ਰਹੀ "ਸਿੱਖ ਰਹਿਤ ਮਰਯਾਦਾ" ਬਾਰੇ ਉਪਰੋਕਤ ਵਿਸਥਾਰ ਦੇਣ ਤੋਂ ਸਾਡਾ ਭਾਵ ਕੇਵਲ ਇਹ ਹੈ ਕਿ ਪਾਠਕ ਜੀ ਨੂੰ ਭਲੀ ਭਾਂਤ ਗਿਆਨ ਹੋ ਜਾਵੇ ਕਿ ਇਹ ਖਰੜਾ ਕਿੰਨੀ ਵੱਡੀ ਘਾਲਣਾ ਤੇ ਸਿੱਖ ਜਗਤ ਦੀ ਰਾਏ ਤੇ ਸੰਮਤੀ ਨਾਲ ਤਿਆਰ ਕੀਤਾ ਗਿਆ ਸੀ ਅਤੇ ਇਹ ਕਿਵੇਂ ਪੰਥਕ ਸਹਿਮਤੀ ਤੇ ਪ੍ਰਤਿਨਿਧਤਾ ਦਾ ਜ਼ਾਮਨ ਹੈ। ਸਾਨੂੰ ਇਹ ਸੱਚ ਵੀ ਸਵੀਕਾਰਨਾ ਪਵੇਗਾ ਕਿ ਪੰਥ ਦੇ ਵਰਤਮਾਨ ਇਨਤਿਸ਼ਾਰ ਤੇ ਖਿੱਚੋਤਾਣ ਵਾਲੇ ਮਾਹੌਲ ਵਿਚ ਇਸ ਦੀ ਥਾਂ ਕਿਸੇ ਵੀ ਹੋਰ ਖਰੜੇ ਨੂੰ ਐਸੀ ਸਰਬ-ਪ੍ਰਵਾਣਤ ਸੰਮਤੀ ਮਿਲ ਸਕਣੀ ਅਸੰਭਵ ਹੈ। ਨਾ ਕੇਵਲ, ਉਦੋਂ ਮਾਹੌਲ ਹੀ ਸ਼ਾਂਤ ਸੀ, ਸਗੋਂ ਪੰਥ ਦੇ ਸਮੂਹ ਲੀਡਰ ਤੇ ਵਿਦਵਾਨ ਵੀ ਵੱਡੇ ਪਰ-ਸੁਆਰਥੀ ਤੇ ਸ਼ਰਧਾ ਭਾਵਨਾ ਵਾਲੇ ਧੁਰੰਧਰ ਆਲਮ ਅਤੇ ਪੰਥਕ ਹਿੱਤਾਂ ਲਈ ਹਰ ਕੁਰਬਾਨੀ ਕਰ ਗੁਜ਼ਰਨ ਵਾਲੇ ਸਨ। ਤੇ ਅੱਜ ਆਪਣਿਆਂ ਵਲੋਂ ਉਡਾਈ ਕੁਕੜ ਖੇਹ 'ਚ ਕੋਈ ਕਿਸੇ ਦੀ ਸੁਣਨ ਨੂੰ ਤਿਆਰ ਨਹੀਂ, ਮੰਨ ਕੇ, ਪੰਥਕ ਤੌਰ ਤੇ ਵਿਚਾਰ ਕਰਨੀ ਤਾਂ ਦੂਰ ਦੀ ਗੱਲ ਹੈ।

ਸੋ ਇਸ ਅਤਿ ਅਹਿਮ ਤੇ ਨਾਜ਼ਕ ਪੰਥਕ ਮਸਲੇ ਬਾਰੇ, ਪੰਥਕ ਹਿੱਤਾਂ ਨੂੰ ਮੁਖ ਰੱਖਦਿਆਂ, ਇਹ ਕੁਝ ਕੁ ਨੁਕਤੇ ਵਾਚਣੇ, ਵਿਚਾਰਣੇ ਜ਼ਰੂਰੀ ਹਨ :

ਪਹਿਲਾ, ਸ਼੍ਰੋਮਣੀ ਕਮੇਟੀ ਵਾਲੀ ਪੰਥ ਪ੍ਰਵਾਨਿਤ "ਰਹਿਤ ਮਰਯਾਦਾ" ਨੂੰ ਸਾਰੇ ਪੰਥ ਦੀ ਪ੍ਰਵਾਨਗੀ ਪ੍ਰਾਪਤ ਰਹੀ ਹੈ ਅਤੇ ਇਸ ਨੂੰ ਲਾਗੂ ਹੋਇਆ 65 ਕੁ ਸਾਲ ਦਾ ਲੰਮਾ ਸਮਾਂ ਬੀਤ ਚੁੱਕਾ ਹੈ।

ਦੂਜਾ, ਜਿਸ ਯਕਜਹਿਤੀ ਤੇ ਸਰਬ-ਸੰਮਤੀ ਨਾਲ ਇਸ ਨੂੰ ਸਾਰੇ ਪੰਥ ਨੇ ਪ੍ਰਵਾਨ ਕੀਤਾ ਤੇ ਪ੍ਰਚਲਤ ਰੱਖਿਆ ਹੈ, ਅੱਜ ਦਾ ਖਿੱਚ ਧੂਹ ਤੇ ਧੜਿਆਂ ਵਾਲਾ ਸਵਾਰਥੀ ਮਾਹੌਲ ਤੇ ਪਾਟੋ-ਧਾੜ ਉਸ ਵਾਤਾਵਰਨ ਦੇ ਮੁਨਾਫ਼ੀ, ਪ੍ਰਤਿਕੂਲ ਹੈ।

ਤੀਜਾ, ਜਿਸ ਪ੍ਰਸਿੱਧਤਾ, ਯੋਗਤਾ, ਕੁਰਬਾਨੀ, ਤਿਆਗ ਤੇ ਪੰਥਕ ਪਿਆਰ ਦੇ ਸਦਗੁਣਾਂ ਦੇ ਸੁਆਮੀ, ਪਹਿਲਾ ਖਰੜਾ ਤਿਆਰ ਕਰਨ ਵਾਲੇ ਸਾਡੇ ਮਹਾਨ ਬਜ਼ੁਰਗ ਸਨ, ਉਹੋ ਜਿਹੇ ਅੱਜ ਲੱਭਣੇ ਮੁਸ਼ਕਲ ਹਨ, ਅਤੇ ਜੋ ਲੰਮਾ ਸਮਾਂ ਪ੍ਰੋਫੈਸਰ ਤੇਜਾ ਸਿੰਘ ਜਿਹੀਆਂ ਵਿਦਵਾਨ, ਬੇਲਾਗ ਛੇ ਨਾਨਕ ਦਰ ਘਰ ਦੇ ਭਉ ਵਾਲੀਆਂ ਹਸਤੀਆਂ ਨੇ "ਰਹਿਤ ਮਰਯਾਦਾ" ਦਾ ਖਰੜਾ ਤਿਆਰ ਕਰਨ ਹਿੱਤ ਬਤੌਰ ਕਨਵੀਨਰ ਲਾਇਆ, ਉਸ ਉੱਚ ਕੋਟੀ ਦਾ

ਸਰਬ ਪ੍ਰਵਾਣਤ ਵਿਦਵਾਨ ਲੱਭਣਾ ਵੀ ਅੱਜ ਦੁਰਲੱਭ ਹੈ।

ਚੌਥਾ, ਅੱਜ ਜੋ ਵੱਖ ਵੱਖ ਮਰਯਾਦਾ ਵਾਲੀਆਂ ਸਿੱਖ ਸੰਪਰਦਾਵਾਂ, ਜਥੇਬੰਦੀਆਂ, ਸਭਾ ਸੁਸਾਇਟੀਆਂ ਤੇ ਡੇਰੇ ਆਪਣੀ ਆਪਣੀ ਨਵੀਂ ਮਰਯਾਦਾ, ਪੰਥ ਉਤੇ ਲਾਗੂ ਕਰਨ ਲਈ, ਸਿਰਤੋੜ ਯਤਨਸ਼ੀਲ ਤੇ ਬੇਤਾਬ ਹਨ, ਉਨ੍ਹਾਂ ਸਭਨਾਂ ਦੇ ਬਾਨੀ, ਬਜ਼ੁਰਗ ਜਾਂ ਵਡਕੇ ਪੰਥ ਵਿਚ ਚਲੀ ਆ ਰਹੀ ਵਰਤਮਾਨ ਰਹਿਤ ਮਰਯਾਦਾ ਨੂੰ ਤਿਆਰ ਕਰਨ ਵਿਚ ਪੂਰਨ ਤੌਰ ਉਤੇ ਸਹਿਯੋਗੀ ਅਤੇ ਸ਼ਾਮਿਲ ਸਨ। ਫੇਰ, ਉਨ੍ਹਾਂ ਗੱਦੀਆਂ ਉਤੇ ਅੱਜ ਬਿਰਾਜਮਾਨ ਵਿਅਕਤੀਆਂ ਵਲੋਂ ਆਪਣਿਆਂ ਵੱਡਿਆਂ ਦਾ ਹੀ ਵਿਰੋਧ ਕਿਉਂ ?

ਪੰਜਵਾਂ, ਲੁਤਫ਼ ਦੀ ਗੱਲ ਇਹ ਹੈ ਕਿ ਜੋ ਸ਼ੰਪਰਦਾਵਾਂ ਤੇ ਜਥੇ, ਸ਼੍ਰੋਮਣੀ ਕਮੇਟੀ ਵਾਲੀ ਪੰਥਕ "ਰਹਿਤ ਮਰਯਾਦਾ" ਦਾ ਵਿਰੋਧ ਕਰਨ ਵਿਚ ਇਕੱਠੀਆਂ ਹਨ, ਉਨ੍ਹਾਂ ਦੀ ਆਪਣੀ ਮਰਯਾਦਾ ਇਕ ਦੂਜੇ ਨਾਲ ਨਹੀਂ ਮਿਲਦੀ। ਇਨ੍ਹਾਂ ਦੇ ਨਿਤਨੇਮ ਦੇ ਛਪੇ ਗੁਟਕਿਆਂ ਨੂੰ ਹੀ ਲਵੋ, ਤਾਂ ਪਾਠਕ ਜੀ ਨੂੰ ਪਰਸਪਰ ਵੱਡਾ ਫਰਕ ਦਿਸੇਗਾ। ਉਦਾਹਰਣ ਵਜੋਂ :

ਜੇ ਗੁਰਦੁਆਰਿਆਂ ਨੂੰ "ਠਾਠ" ਦੀ ਸੰਗਿਆ ਦੇਣ ਵਾਲੇ "ਨਾਨਕਸਰੀ ਬਾਬੇ" ਰਹਿਰਾਸ ਸਾਹਿਬ ਦਾ ਪਾਠ ਆਰੰਭ ਕਰਨ ਵੇਲੇ ਪੰਜ ਸ਼ਬਦ ਸਲੋਕ ਆਰੰਭ ਵਿਚ ਛਾਪਦੇ ਤੇ ਪੜ੍ਹਦੇ ਹਨ ਤਾਂ "ਦਮਦਮੀ ਟਕਸਾਲ" ਵਾਲੇ ਵੀਰ ਦੋ ਸ਼ਬਦ : "ਜੁਗ ਜੁਗ ਭਗਤ ਉਪਾਇਆ" ਤੇ "ਦੁਖ ਦਾਰੂ ਸੁਖ ਰੋਗ ਭਇਆ..." ਪੜ੍ਹਦੇ ਹਨ। ਰਹਿਰਾਸ ਸਾਹਿਬ ਵਿਚਲੀ ਕਬਯੋਬਾਚ ਬੇਨਤੀ ਚੌਪਈ ਦੇ ਬਾਅਦ ਵਿਚ ਪੜ੍ਹੀਆਂ ਜਾਂਦੀਆਂ ਰਚਨਾਵਾਂ ਦੀ ਗਿਣਤੀ ਆਦਿ ਵਿਚ ਵੀ ਪਰਸਪਰ ਅੰਤਰ ਹੈ, ਅਤੇ "ਆਰਤੀ" ਵਜੋਂ ਪੜ੍ਹੇ ਜਾਂਦੇ ਸ਼ਬਦਾਂ ਵਿਚ ਵੀ। ਜੇ 'ਟਕਸਾਲ' ਵਾਲੇ ਸ੍ਰੀ ਅਖੰਡ ਪਾਠ ਦਾ ਭੋਗ ਰਾਗਮਾਲਾ ਉਤੇ ਪਾਉਂਦੇ ਹਨ, ਤਾਂ 'ਨਾਨਕਸਰ' ਵਾਲੇ ਅੰਤ ਵਿਚ, ਨਾਲ 'ਹਜ਼ਾਰੇ' ਦੇ ਸੱਤ ਸ਼ਬਦ ਪੜ੍ਹਕੇ। ਜੇ 'ਬੜੂ ਸਾਹਿਬ' (ਹਿਮਾਚਲ ਪ੍ਰਦੇਸ਼) ਵਾਲੇ ਬਾਬਾ ਇਕਬਾਲ ਸਿੰਘ ਜੀ ਚੌਪਈ ਨੂੰ ਦਰੁਸਤ ਤੌਰ ਉਤੇ ਦਸਮ ਗ੍ਰੰਥ ਮੁਤਾਬਿਕ 377, 378, 379... ਤੋਂ ਅੰਕ ਦਿੰਦੇ ਹਨ, ਤਾਂ ਬਾਕੀ ਸੰਪਰਦਾਵਾਂ ਵਾਲੇ ਪਤਾ ਨਹੀਂ ਕਿਵੇਂ 1, 2, 3, 4..... ਆਦਿ ਅੰਕ ਪਾਉਂਦੇ ਹਨ। ਕਬਯੋਬਾਚ੍ਰ ਬੇਨਤੀ ਚੌਪਈ ਦੇ ਪਹਿਲਾਂ ਹਾਲੀ ਤੱਕ ਕਿਸੇ ਦਸਮਗ੍ਰੰਥ ਵਿਚ ਵੀ "ੴ ਵਾਹਿਗੁਰ ਜੀ ਫਤਹਿ" ਤੇ "ਸ੍ਰੀ ਮੁਖਵਾਕ ਪਾਤਸ਼ਾਹੀ 10" ਦਾ ਮੰਗਲ ਉੱਕਾ ਹੀ ਨਹੀਂ ਮਿਲਦਾ, ਪਰ ਇਹ ਸਭ "ਸੰਤ ਸਮਾਜੀ" ਸੰਸਥਾਵਾਂ ਆਪਣੇ ਪਾਸੋਂ ਹੀ ਇਹ ਵਾਧਾ ਕਰਨ ਦੀ ਮਨਮਰਜ਼ੀ ਕਰਦੀਆਂ ਹਨ। ਆਖਿਰ ਕਿਉਂ ?

ਸੋ ਗੱਲ, ਸਹੇ ਦੀ ਨਹੀਂ, ਪਹੇ ਦੀ ਹੈ। ਜੇ ਇਕ ਜਥੇਬੰਦੀ ਨੂੰ ਨਿਜਮੱਤ ਅਨੁਸਾਰ ਇਕ ਸ਼ਬਦ ਆਦਿ ਦਾ ਵਾਧਾ ਕਰਨ ਦੀ ਖੁੱਲ੍ਹ ਹੋ ਸਕਦੀ ਹੈ,

ਤਾਂ ਦੂਜੀ ਨੂੰ ਦੋ ਅਤੇ ਤੀਜੀ ਨੂੰ ਦਸ ਦੀ ਕਿਉਂ ਨਹੀਂ? ਇਸ ਤਰ੍ਹਾਂ ਦੀ ਅਨੁਚਿਤ ਰਵਸ਼ ਨਾਲ ਪੰਥਕ ਸ਼ੀਰਾਜ਼ਾ ਬਿਖਰਨ ਦਾ ਮੁੱਢ ਬੱਝ ਜਾਂਦਾ ਹੈ ਅਤੇ ਸਤਿਗੁਰਾਂ ਵਲੋਂ ਦਰਸਾਈ "ੴ ਏਕਤ੍ਰਤਾ" ਅਤੇ "ਇਕਾ ਬਾਣੀ ਇਕੁ ਗੁਰੁ ਇਕੋ ਸ਼ਬਦੁ ਵਿਚਾਰਿ" ਵਾਲੇ ਅਮੁਲੀਕ ਤੇ ਅਦੁੱਤੀ ਗੁਰੂ ਸਿਧਾਂਤ ਦਾ ਭੋਗ ਪੈ ਜਾਂਦਾ ਹੈ ਅਤੇ ਫੇਰ ਬਾਕੀ ਰਿਹਾ ਕੀ?

ਇਨ੍ਹਾਂ ਸੰਬੰਧਤ ਜਥੇਬੰਦੀਆਂ ਵਲੋਂ ਆਪਣੇ ਆਪਣੇ ਅਸਥਾਨਾਂ ਵਿਚ ਵੱਖ ਵੱਖ "ਰਹਿਤ ਮਰਯਾਦਾ" ਲਾਗੂ ਰਹੀ ਹੈ, ਪਰੰਤੂ ਹੁਣ ਪਹਿਲਾਂ ਆਪਸ ਵਿਚ ਇਕਸਾਰਤਾ ਪੈਦਾ ਕੀਤੇ ਬਿਨਾਂ ਹੀ ਪੰਥ ਵਿਚ ਧਾਰਮਿਕ ਤੇ ਰਾਜਸੀ ਧਿਰ ਹੋ ਕੇ ਉਭਰਨ ਦੀ ਲਾਲਸਾ ਨੇ ਇਨ੍ਹਾਂ ਵਲੋਂ ਨਵੀਂ "ਰਹਿਤ ਮਰਯਾਦਾ", ਲਾਗੂ ਕਰਨ ਦਾ ਐਲਾਨ ਕਰ ਦਿੱਤਾ ਹੈ। ਇਹ ਵੱਡੀ ਬਦਕਿਸਮਤੀ ਹੈ।

ਇਕ ਇਤਿਹਾਸਕ ਹਵਾਲਾ

ਸਵਰਗੀ ਗਿਆਨੀ ਕ੍ਰਿਪਾਲ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਿੰਨ੍ਹਾਂ ਨੇ ਸ੍ਰੀਮਾਨ ਸੰਤ ਗੁਰਬਚਨ ਸਿੰਘ ਜੀ "ਖਾਲਸਾ" ਭਿੰਡਰਾਂਵਾਲਿਆਂ ਤੋਂ ਵਿੱਦਿਆ ਪ੍ਰਾਪਤ ਕੀਤੀ ਸੀ ਤੇ 30 ਕੁ ਸਾਲ ਸ਼੍ਰੋਮਣੀ ਕਮੇਟੀ ਦੀ ਸੇਵਾ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਈ। ਉਹਨਾਂ ਨੇ ਪ੍ਰਿੰਸੀਪਲ ਹਰਿਭਜਨ ਸਿੰਘ ਜੀ (ਭਾਈ ਸਾਹਿਬ) ਨੂੰ ਇਕ ਬੜੀ ਹੀ ਸਾਰਥਕ ਤੇ ਸੇਧ-ਬਖਸ਼ੂ ਵਾਰਤਾ ਇਉਂ ਸੁਣਾਈ ਸੀ: "ਜਦ ਮੇਰੀ ਨਿਯੁਕਤੀ ਬਤੌਰ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਹੋਈ ਤਾਂ ਮੈਂ ਸੰਤ ਮਹਾਰਾਜ ਪਾਸੋਂ ਸਨਿਮਰ ਪੁੱਛ ਕੀਤੀ ਕਿ ਸ਼੍ਰੋਮਣੀ ਕਮੇਟੀ ਅਥਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਅਤੇ ਉਨ੍ਹਾਂ ਦੇ ਜਥੇ ਦੀ ਮਰਯਾਦਾ ਵਿਚ ਕੁਝ ਅੰਤਰ ਹੈ, ਮੈਂ ਕਿਵੇਂ ਵਰਤਣਾ ਹੈ, ਤਾਂ ਸੰਤ ਮਹਾਰਾਜ ਨੇ ਬੜੇ ਸਹਿਜ ਸੁਭਾ ਉੱਤਰ ਦਿੱਤਾ ਕਿ ਮੈਂ ਸ਼੍ਰੋਮਣੀ ਕਮੇਟੀ ਵਲੋਂ ਪ੍ਰਵਾਨਿਤ ਮਰਯਾਦਾ ਹੀ ਵਰਤਣੀ ਹੈ। ਉਨ੍ਹਾਂ ਦੇ ਜਥੇ ਦੀ ਮਰਯਾਦਾ ਉਨ੍ਹਾਂ ਦੇ ਜਥੇ ਲਈ ਹੈ।" ਵਾਹ ਵਾ! ਕਿਹੀ ਦੂਰ ਅੰਦੇਸ਼ੀ ਹੈ।

ਏਥੇ ਨੋਟ ਕਰਨ ਵਾਲੀ ਇਕ ਵਿਸ਼ੇਸ਼ ਗੱਲ ਇਹ ਵੀ ਹੈ ਕਿ ਜਦ ਸ੍ਰੀਮਾਨ ਸੰਤ ਜਰਨੈਲ ਸਿੰਘ ਜੀ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪ੍ਰਵੇਸ਼ ਤੇ ਟਿਕਾਣਾ ਸੀ ਤਾਂ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਉਸ ਸਮੇਂ ਤਖ਼ਤ ਦੇ ਜਥੇਦਾਰ ਸਨ। ਪਰ ਕੀ ਮਜਾਲ ਜੋ ਸੰਤ ਜੀ ਵਲੋਂ 'ਤਖ਼ਤ' ਦੀ ਪ੍ਰਚੱਲਤ ਮਰਯਾਦਾ ਵਿਚ ਕਿਸੇ ਪ੍ਰਕਾਰ ਦਾ ਦਖਲ ਦਿੱਤਾ ਗਿਆ ਹੋਵੇ, ਜਾਂ ਗਿਆਨੀ ਕ੍ਰਿਪਾਲ ਸਿੰਘ ਜੀ ਵਲੋਂ ਕੋਈ ਤਬਦੀਲੀ ਕੀਤੀ ਗਈ ਹੋਵੇ। ਹਾਂ, ਦੋਹਾਂ ਸਤਿਕਾਰਤ ਸੱਜਣਾਂ ਵਲੋਂ ਹੀ ਸ਼੍ਰੋਮਣੀ ਕਮੇਟੀ ਵਲੋਂ ਚਲਦੀ ਪੰਥ ਪ੍ਰਵਾਨਿਤ ਮਰਯਾਦਾ ਦਾ ਪੂਰਨ ਸਤਿਕਾਰ ਕੀਤਾ ਗਿਆ।

ਸ੍ਰੀਮਾਨ ਸੰਤ ਜਰਨੈਲ ਸਿੰਘ ਜੀ ਦੇ ਭਤੀਜੇ ਭਾਈ ਸਵਰਨ ਸਿੰਘ ਨੇ ਸ੍ਰੀ ਅਖੰਡ ਪਾਠ ਦੇ ਭੋਗ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਦੇ ਵਿਪਰੀਤ ਰਾਗਮਾਲਾ ਦਾ ਪਾਠ ਵੀ ਕੀਤਾ, ਜਦ ਸੰਤ ਜਰਨੈਲ ਸਿੰਘ ਜੀ ਨੂੰ ਇਸ ਅਵੱਗਿਆ ਦਾ ਪਤਾ ਲੱਗਾ ਤਾਂ ਆਪ ਜੀ ਨੇ ਉਸਨੂੰ ਕਰੜਾ ਦੰਡ ਦੇਣ ਵਿਚ ਰਤਾ ਭਰ ਸੰਕੋਚ ਨਾ ਕੀਤਾ। ਬਲਿਹਾਰ।

ਪਹਿਲੇ ਵਾਲੀ ਪ੍ਰਾਚੀਨ "ਮਰਯਾਦਾ" ਤੋਰਨ ਦੀ ਗੱਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਧਾਰਮਿਕ ਸਮੱਸਿਆਵਾਂ ਤੇ ਆਈਆਂ ਪੁੱਛਾਂ ਦੀ ਪੂਰੀ ਪੂਰੀ ਘੋਖ ਉਪਰੰਤ ਉੱਤਰ ਤਿਆਰ ਕਰਨ ਲਈ ਆਰੰਭ ਤੋਂ ਹੀ ਸਿੱਖ ਵਿਦਵਾਨਾਂ ਦੀ ਧਾਰਮਿਕ ਸਲਾਹਕਾਰ ਕਮੇਟੀ ਨਿਯੁਕਤ ਕਰਨੀ ਯੋਗ ਸਮਝੀ ਗਈ ਹੈ। ਪਿੱਛੇ ਜਿਹੇ ਜਥੇਦਾਰ ਸ੍ਰੀ ਅਕਾਲ ਤਖ਼ਤ ਜੀ (ਜਥੇਦਾਰ ਪ੍ਰੋ. ਮਨਜੀਤ ਸਿੰਘ ਜੀ) ਨੇ 60 ਕੁ ਵਿਦਵਾਨ ਮੈਂਬਰਾਂ ਦੀ ਇਕ ਸਲਾਹਕਾਰ ਕਮੇਟੀ ਬਣਾਈ, ਪਰੰਤੂ ਬਾਵਜੂਦ ਪੁਰ ਖਲੂਸ ਗੱਲਬਾਤ ਅਤੇ ਯਤਨਾਂ ਦੇ ਬਾਬਾ ਠਾਕੁਰ ਸਿੰਘ ਜੀ ਮੁਖੀ ਦਮਦਮੀ ਟਕਸਾਲ ਨੇ ਆਪਣੇ ਪ੍ਰਤੀਨਿਧ ਉਕਤ ਸਲਾਹਕਾਰ ਕਮੇਟੀ ਵਿਚ ਭੇਜਣ ਦੀ ਥਾਂ, ਹੋਰਨਾਂ ਡੇਰੇਦਾਰਾਂ, ਸੰਤਾਂ, ਮਹੰਤਾਂ ਆਦਿ ਨੂੰ ਨਾਲ ਲੈ ਕੇ ਜੁਲਾਈ 1993 ਨੂੰ ਮਨਸੂਰਾਂ ਜਿਲਾ ਲੁਧਿਆਣਾ ਵਿਖੇ ਵੱਡਾ ਇਕੱਠ ਕੀਤਾ, ਜਿਸ ਵਿਚ 100 ਕੁ ਮੈਂਬਰਾਂ ਦੀ ਧਾਰਮਿਕ ਸਲਾਹਕਾਰ ਕਮੇਟੀ ਚੁਣ ਲਈ ਗਈ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਨ 1699 (ਸੰਮਤ 1756) ਦੀ ਵਿਸਾਖੀ ਨੂੰ ਖੰਡੇ ਦੀ ਪਾਹੁਲ (ਅੰਮ੍ਰਿਤ) ਛਕਾਉਣ ਸਮੇਂ ਦੱਸੀ ਗਈ ਮਰਯਾਦਾ ਲਾਗੂ ਕਰਨ ਵਿਚ ਸੰਤ ਸਮਾਜ ਦੀ ਸਹਾਇਤਾ ਅਤੇ ਅਗਵਾਈ ਕਰੇਗੀ, ਇਹ ਗੱਲ ਉਨ੍ਹਾਂ ਨੇ, ਇਸ ਸੰਬੰਧ ਵਿਚ ਲਿਖੀ ਗਈ ਫਿਰਤੂ ਚਿੱਠੀ ਵਿਚ ਵੀ ਸਪੱਸ਼ਟ ਅੰਕਿਤ ਕੀਤੀ ਸੀ। ਬਾਬਾ ਠਾਕੁਰ ਸਿੰਘ ਜੀ ਨੇ ਇਸ ਚਿੱਠੀ ਵਿਚ ਸਪੱਸ਼ਟ ਤੌਰ ਉਤੇ ਇਹ ਸੰਕੇਤ ਤੇ ਦਾਅਵਾ ਵੀ ਕੀਤਾ ਸੀ ਕਿ ਸ਼੍ਰੋਮਣੀ ਕਮੇਟੀ ਨੇ ਸੰਨ 1931 ਨੂੰ ਸ੍ਰੀ ਦਸ਼ਮੇਸ਼ ਜੀ ਵਲੋਂ ਸੰਨ 1699 ਵਾਲੀ ਵਿਸਾਖੀ ਸਮੇਂ ਦਰਸਾਈ ਮਰਯਾਦਾ ਨੂੰ ਹੀ ਵੱਧ ਘੱਟ ਕਰਕੇ ਚਾਲੂ ਕਰ ਲਿਆ ਸੀ ਅਤੇ ਸੰਤ ਸਮਾਜ ਵੀ ਸ੍ਰੀ ਦਸਮੇਸ਼ ਜੀ ਵਲੋਂ 1699 ਈ. ਨੂੰ ਤੋਰੀ ਮਰਯਾਦਾ ਨੂੰ ਹੀ ਫੇਰ ਚਾਲੂ ਕਰ ਰਿਹਾ ਹੈ। ਇਤਿ ਆਦਿ।

ਪਰਖ : ਜਿਹਾ ਕਿ ਪਿਛੇ ਜ਼ਿਕਰ ਆ ਚੁੱਕਾ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੱਡੀ ਮਿਹਨਤ ਤੇ ਘੋਖ ਉਪਰੰਤ ਪੰਜਾਂ ਕੁ ਸਾਲਾਂ ਵਿਚ ਸਮੁੱਚੇ ਪੰਥ ਦੇ ਪ੍ਰਸਿੱਧ ਵਿਦਵਾਨਾਂ, ਪ੍ਰਤੀਨਿਧ ਜਥੇਬੰਦੀਆਂ ਤੇ ਸਿੰਘ ਸਭਾਵਾਂ ਆਦਿ ਦੀ ਸੰਮਤੀ ਉਪਰੰਤ ਪ੍ਰਚਲਿਤ ਕੀਤੀ "ਰਹਿਤ ਮਰਯਾਦਾ" ਦੇ ਵਿਰੋਧੀ ਸੱਜਨ, ਮਹਜ਼ ਜਜ਼ਬਾਤੀ ਤੇ ਨਿਰਾਧਾਰ ਗੱਲਾਂ ਕਰਕੇ ਸੰਗਤਾਂ ਨੂੰ ਕੁਝ ਸਮੇਂ ਲਈ ਭੁਲੇਖਾ ਤਾਂ ਪਾ ਸਕਦੇ ਹਨ ਪਰੰਤੂ ਖੋਜ ਉਤੇ ਆਧਾਰਿਤ ਜਾਣਕਾਰੀ ਪ੍ਰਾਪਤ ਹੋ ਜਾਣ ਉਪਰੰਤ ਉਨ੍ਹਾਂ ਨੂੰ ਸਦਾ ਲਈ ਹਨੇਰੇ ਵਿਚ

ਨਹੀਂ ਰੱਖ ਸਕਦੇ। ਇਤਿਹਾਸਕ ਹਵਾਲੇ ਉਨ੍ਹਾਂ ਦੇ ਇਸ ਮਨੋਕਲਪਿਤ ਦਾਅਵੇ ਦੀ ਪੁਸ਼ਟੀ ਨਹੀਂ ਕਰਦੇ। ਸੱਚ ਕੀ ਹੈ, ਆਓ ਪਰਖੀਏ :

"ਪੁਰਾਣੀ ਤੇ ਪਹਿਲੇ ਵਾਲੀ" ਰਹਿਤ ਮਰਯਾਦਾ ਦੀ ਅਸਲੀਅਤ, ਵਿਪੱਖੀਆਂ ਦੇ ਦਾਅਵੇ ਦੇ ਢੋਲ ਦਾ ਪੋਲ ਪ੍ਰਗਟ ਕਰ ਦਿੰਦੀ ਹੈ। ਇਹ ਵਾਕਫੀ ਅਸਾਂ ਵਿਦਵਾਨ ਪ੍ਰੋ. ਪਿਆਰਾ ਸਿੰਘ "ਪਦਮ" ਦੀ ਪੁਸਤਕ ਰਹਿਤਨਾਮੇ ਅਤੇ ਚੀਫ ਖਾਲਸਾ ਦੀਵਾਨ ਵਲੋਂ ਸਿੱਖ ਰਹਿਤ ਮਰਯਾਦਾ ਬਾਰੇ ਛਾਪੀ ਪੁਸਤਕ ਵਿਚੋਂ ਪ੍ਰਾਪਤ ਕੀਤੀ ਹੈ। ਏਥੇ ਅਸੀਂ ਸੰਖੇਪਤਾ ਹਿਤ ਵੰਨਗੀ ਵਜੋਂ ਕੇਵਲ ਇਕ ਅੰਮ੍ਰਿਤ ਛਕਾਉਣ ਸਮੇਂ ਅਪਣਾਈ ਗਈ ਵੱਖਰੀ ਵੱਖਰੀ ਵਿਧੀ ਤੇ ਪੜ੍ਹੀਆਂ ਗਈਆਂ ਭਿੰਨ ਭਿੰਨ ਬਾਣੀਆਂ ਦਾ ਹੀ ਹਵਾਲਾ ਦੇਵਾਂਗੇ। ਵਧੇਰੇ ਵੇਰਵਾ ਸੰਬੰਧਤ ਪੁਸਤਕਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।" ਆਕਲ ਰਾ ਇਸ਼ਾਰਾ ਕਾਫੀਅਤ" ... ਦਾਨਸ਼ਵਰਾਂ ਲਈ ਇਸ਼ਾਰਾ ਹੀ ਕਾਫੀ ਹੁੰਦਾ ਹੈ।

1. **ਰਹਿਤਨਾਮਾ ਭਾਈ ਦਯਾ ਸਿੰਘ (ਪਿਆਰਾ) :** "...ਉੱਤਮ ਸਿੰਘ ਲੋਹ ਪਾਤ ਮੇਂ ਸ੍ਰੀ ਅੰਮ੍ਰਿਤਸਰ ਕਾ ਅੰਮ੍ਰਿਤ ਪਾਵੇ। ਪ੍ਰਥਮ ਸੰਪੂਰਨ ਜਪੁਜੀ, ਆਦਿ ਅੰਤ ਕਾ ਪਾਠ ਕਰੇਂ, ਚੌਪਈ (ਕਿਹੜੀ? ਕੋਈ ਸੰਕੇਤ ਨਹੀਂ), ਪੰਜ ਪੰਜ ਸਵੈਯੇ ਭਿੰਨ ਭਿੰਨ? 1 ਸ੍ਰਾਵਗ 2 ਦੀਨਨ ਕੀ ਪ੍ਰਤਿਪਾਲ 3 ਪਾਪ ਸਮੂਹ ਬਿਨਾਸਨ 4 ਸਤਿ ਸਦੈਵ ਸਦਾ ਬ੍ਰਤ, ਪੰਜ ਪਉੜੀ ਅਨੰਦ ਕੀ, ਕਰਦ ਅੰਮ੍ਰਿਤ ਬੀਚ ਫੇਰੇ, ਅਪਨੀ ਓਰ ਕੋ। ਪੁਨਹ ਏਕ ਸਿੰਘ ਕਰਦ ਉਸ ਕੀ ਪਾਸ ਮੇਂ ਧਰ ਦੇ...।"

(ਨੋਟ : ਏਥੇ ਜਾਪੁ ਸਾਹਿਬ ਤੇ ਸੰਪੂਰਣ "ਆਨੰਦ ਸਾਹਿਬ" ਦਾ ਕੋਈ ਜ਼ਿਕਰ ਨਹੀਂ। ਅੰਮ੍ਰਿਤ, "ਕਰਦ" (ਕਿਰਪਾਨ) ਨਾਲ ਤਿਆਰ ਕੀਤੇ ਜਾਣ ਦਾ ਜ਼ਿਕਰ ਹੈ)

2. **ਭਾਈ ਚੌਪਾ ਸਿੰਘ (ਸ੍ਰੀ ਦਸਮੇਸ਼ ਜੀ ਦਾ ਹਜ਼ੂਰੀ ਸਿੱਖ) :** "ਫੇਰ ਸਾਹਿਬ ਪੂਰਨ ਪੁਰਖ ਜੀ ਪੰਥ ਲਗੇ ਨਿਖੇੜਨ, ਸੰਮਤ 1756, ਸਾਵਨ ਦਿਨ ਸਤਵੇਂ ਕੇਸਾਂ ਦੀ ਪਾਹੁਲ ਦਾ ਉੱਦਮ ਕੀਤਾ, ਬਚਨ ਹੋਇਆ, ਚਉਪਾ ਸਿੰਘ, ਕਟੋਰੇ ਵਿਚ ਜਲ ਪਾ ਲੈ ਆਉ, ਸੋ ਲੈ ਆਇਆ, ਤਾਂ ਹੁਕਮ ਹੋਇਆ, "ਹਥਿ ਖੰਡਾ ਪਕੜ ਕੇ ਵਿਚ ਫੇਰਊ" ਅਤੇ ਪੰਜ ਪੰਜ ਸ੍ਵਯੇ, ਪੰਜੇ ਪੜ੍ਹਨ ਲਗੇ, ਕੇਹੜੇ? ਦਯਾ ਸਿੰਘ... ਸਾਹਿਬ ਸਿੰਘ... ਹਿੰਮਤ ਸਿੰਘ... ਧਰਮ ਸਿੰਘ... ਮੁਹਕਮ ਸਿੰਘ, ਇਹ ਪੰਜ ਸਿੰਘ ਸਵੈਯੇ ਲਗੇ ਪੜ੍ਹਨ, ਤਾਂ ਸਾਹਿਬ ਚੰਦ ਦਿਵਾਨ ਬੇਨਤੀ ਕੀਤੀ, "ਜੀ ਸੱਚੇ ਪਾਤਸ਼ਾਹ, ਜੇ ਵਿਚ ਪਤਾਸ਼ੇ ਪਾਉਣ ਤਾਂ ਹੱਛਾ ਹੋਵੈ। ਇੰਨੇ ਚਿਰਾਂ ਨੂੰ ਮਾਤਾ ਸ਼ਕਤੀ, ਮਾਤਾ ਸਾਹਿਬ ਦੇਵੀ ਦਾ ਰੂਪ ਧਾਰ ਕੇ, ਪਤਾਸ਼ੇ ਵਿਚ ਡਾਰ ਗਈ, ਤਾਂ ਸਾਹਿਬ ਪੂਰਨ ਪੁਰਸ਼ ਜੀ, ਵਿਚਹੁ ਪੰਜ ਚੁਲੇ ਲੈ ਅੰਮ੍ਰਿਤ ਪੰਜ ਨੇਤ੍ਰੀ, ਫੇਰ ਪੰਜ ਚੁਲੇ ਸੀਸ ਪਾਏ, ਰਸਨਾ ਚੰਡੀ ਚਰਿਤ੍ਰ ਦਾ ਸ੍ਵੱਯਾ ਪੜ੍ਹਿਆ :

ਦੇਹ ਸ਼ਿਵਾ ਬਰ ਮੁਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋ।
ਨ ਡਰੋ ਅਰਿ ਸੋ ਜਬ ਜਾਇ ਲਰੋਂ ਨਿਸ਼ਚੈ ਕਰ ਅਪਨੀ ਜੀਤ ਕਰੋ।
ਅਰੁ ਸਿਖ ਹੋ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋ।
ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈਂ ਤਬ ਜੂਝ ਮਰੋ।
(ਪੰਨਾ 231)

ਫਿਰ ਸਾਹਿਬ ਨੇ ਆਪਣੇ ਹਥੀ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ :

ਦੂਜੇ ਦਿਨ ਹੋਰ ਸਿੱਖ ਹਥ ਜੋੜ ਖੜੇ ਹੋਇ। ਬਚਨ ਹੋਇਆ - ਜੋ ਕੜਾਹ ਪ੍ਰਸਾਦਿ ਕਰਕੇ, ਪੰਜ ਸਿੰਘਾਂ ਪਾਸੋਂ ਪੰਜ ਸਵੈਯੇ ਪੜ੍ਹ ਕਰਿ ਛਕ ਲੈਣਾ।

(ਨੋਟ : ਇਹ ਮਰਯਾਦਾ ਵੀ ਵਰਤਮਾਨ ਪ੍ਰਚੱਲਤ ਜਾਂ ਕਿਸੇ ਦੂਸਰੀ ਵਿਧੀ ਨਾਲ ਮੇਲ ਨਹੀਂ ਖਾਂਦੀ)

3. **ਗੁਰ ਬਿਲਾਸ ਪਾਤਸ਼ਾਹੀ ਦਸਵੀਂ** (ਕ੍ਰਿਤ ਭਾਈ ਕੁਇਰ ਸਿੰਘ, ਪੰਨਾ 128) ਅਨੁਸਾਰ : ਇਸ ਦਾ ਰਚਨਾ ਕਾਲ ਸੰਮਤ 1808 ਮੁਤਾਬਿਕ 1751 ਈਸਵੀ, ਸ੍ਰੀ ਦਸ਼ਮੇਸ਼ ਜੀ ਦੇ ਜੋਤੀ ਜੋਤ ਸਮਾਉਣ ਤੋਂ 43 ਕੁ ਸਾਲ ਬਾਅਦ ਦਾ ਮੰਨਿਆ ਜਾਂਦਾ ਹੈ)

"ਸਰਿਤਾ ਜਲ ਲੀਨ ਅਛੂਤ ਮੰਗਾਇ ਕੈ,
ਪਾਤ੍ਰ ਲੋਹ ਮੈ ਤਾਂ ਪ੍ਰਭ ਬੇਰੇ।
ਪੜ੍ਹਤੇ ਸੁ ਉਦਾਸ ਹ੍ਵੈ ਮੰਤ੍ਰਨ ਕੋ,
ਪ੍ਰਭ ਠਾਢੇ ਹੈ ਆਪ ਭਏ ਸੋ ਸਵੇਰੇ।
(ਪੰਨਾ 25)

(ਨੋਟ : ਏਥੇ ਕੇਵਲ ਮੰਤ੍ਰ (ਮੂਲ ਮੰਤ੍ਰ) ਪੜ੍ਹੇ ਜਾਣ ਦਾ ਅਤਿ ਸੰਖੇਪ ਜ਼ਿਕਰ ਹੈ)

4. **ਬੰਸਾਵਲੀਨਾਮਾ ਪਾਤਸ਼ਾਹੀਆਂ ਦਸਾਂ ਕਾ** (ਕ੍ਰਿਤ ਭਾਈ ਕੇਸਰ ਸਿੰਘ ਛਿੱਬਰ (ਸੰਮਤ 1826) ਅਨੁਸਾਰ :

"ਬਚਨ ਕੀਤਾ : ਕਟੋਰਾ ਜਲ ਕਾ ਸੁਚੇਤ ਲੈ ਆਉ।
ਲੈ ਆਇਆ, ਦਿਤੀ ਕਰਦ, ਕਹਿਆ ਹਿਲਾਉ।
ਜਪੁ ਅਤੇ ਅਨੰਦ ਰਸਨੀ ਕਰਿ ਉਚਾਰ (ਦਸਵਾਂ ਚਰਨ)

ਏਥੇ, ਨੋਟ ਕਰਨ ਯੋਗ ਇਹ ਗੱਲ ਹੈ ਕਿ "ਛਿੱਬਰ" ਨੇ ਖੰਡੇ ਦੀ ਥਾਂ ਕਰਦ ਸ਼ਬਦ ਵਰਤਿਆ ਹੈ, ਅਤੇ ਕੇਵਲ ਦੋ ਬਾਣੀਆਂ "ਜਪੁ ਤੇ ਅਨੰਦ" ਪੜ੍ਹਨ ਦਾ ਜ਼ਿਕਰ ਕੀਤਾ ਹੈ।

(ਸਿੱਖ ਸੰਸਕਾਰ ਅਤੇ ਮਰਯਾਦਾ-ਚੀਫ ਖਾਲਸਾ ਦੀਵਾਨ ਪੰ. 63)

5. ਤਾਰੀਖਿ ਸਿੱਖਾਂ (ਕ੍ਰਿਤ ਖੁਸਵੰਤ ਰਾਏ) ਸੰਮਤ 1811, ਮੁਤਾਬਿਕ ਸੰਨ 1754 ਈਸਵੀ :

"ਅੰਮ੍ਰਿਤ ਦੀ ਤਿਆਰੀ ਵਿਚ ਕੇਵਲ ਪੰਜ ਸਵੈਯੇ ਪੜ੍ਹੇ ਜਾਣ ਦਾ ਜ਼ਿਕਰ ਹੈ।" (ਹਵਾਲਾ ਉਹੀ ਪੰਨਾ 63)

6. ਪ੍ਰਾਚੀਨ ਪੰਥ ਪ੍ਰਕਾਸ਼ (ਕ੍ਰਿਤ ਭਾਈ ਰਤਨ ਸਿੰਘ ਭੰਗੂ, ਸੰਪਾਦਕ ਭਾਈ ਵੀਰ ਸਿੰਘ ਜੀ ਛਾਪ ਸੰਨ 1941 ਮੁਤਾਬਿਕ) :

ਭਗਉਤੀ ਕੀ ਵਾਰ। ਪਹਿਲੀ ਪਉੜੀ 32 ਸਵੈਯੇ, ਤ੍ਰਿਭੰਗੀ ਛੰਦ-ਖਗ ਖੰਡ।

(ਨੋਟ : ਏਥੇ ਕੇਵਲ ਤਿੰਨ ਵਿਭਿੰਨ ਬਾਣੀਆਂ ਪੜ੍ਹੇ ਜਾਣ ਦਾ ਜ਼ਿਕਰ ਹੈ ਜੋ ਵਰਤਮਾਨ ਪੜ੍ਹੀਆਂ ਜਾਂਦੀਆਂ ਬਾਣੀਆਂ ਨਾਲੋਂ ਭਿੰਨ ਹਨ।)

7. ਸੂਰਜ ਪ੍ਰਕਾਸ਼ (ਭਾਈ ਸੰਤੋਖ ਸਿੰਘ ਜੀ) ਅਨੁਸਾਰ :

"ਪੜ੍ਹੀਆਂ ਬਾਣੀਆਂ : ਜਪੁਜੀ, ਸਵੈਯੇ, ਅਨੰਦ ਸਾਹਿਬ ਦੀਆਂ 5 ਪਉੜੀਆਂ"

(ਨੋਟ : ਏਥੇ ਜਾਪੁ ਸਾਹਿਬ ਤੇ ਚੌਪਈ ਦੇ ਪੜ੍ਹੇ ਜਾਣ ਦਾ ਕੋਈ ਜ਼ਿਕਰ ਨਹੀਂ। ਅਨੰਦ ਸਾਹਿਬ ਦੀਆਂ ਕੇਵਲ ਪੰਜ ਪਉੜੀਆਂ ਪੜ੍ਹੇ ਜਾਣ ਦਾ ਜ਼ਿਕਰ ਹੈ।)

8. ਗੁਰੂ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ) ਸੰਪਾਦਕ ਸਿੰਘ ਸਾਹਿਬ ਗਿ. ਕ੍ਰਿਪਾਲ ਸਿੰਘ, ਪੰਨਾ 1573 ਅਨੁਸਾਰ :

ਜਪੁਜੀ-ਪੰਜ ਪੌੜੀਆਂ, ਜਾਪੁ ਜੀ ਪੰਜ ਪੌੜੀਆਂ, ਦਸ ਸੁੱਧ, ਅਨੰਦ ਸਾਹਿਬ, ਚੌਪਈ।

(ਨੋਟ : ਏਥੇ ਜਪੁਜੀ, ਜਾਪ ਸਾਹਿਬ ਦੀਆਂ ਪੰਜ ਪੰਜ ਪੌੜੀਆਂ ਪੜ੍ਹੇ ਜਾਣ ਦਾ ਜ਼ਿਕਰ ਹੈ ਅਤੇ ਇਹ ਵੀ ਸਪਸ਼ਟ ਨਹੀਂ ਕਿ ਚੌਪਈ ਕਿਹੜੀ ਪੜ੍ਹੀ ਗਈ। ਅਕਾਲ ਉਸਤਤਿ ਦੇ ਆਰੰਭ ਵਿਚ ਆਈ ਪ੍ਰਣਵੋ ਆਦਿ ਏਕੰਕਾਰਾ ਵਾਲੀ ਜਾਂ ਚਰਿਤ੍ਰੋ ਪਾਖਿਯਾਨ ਦੇ ਅੰਤਲੇ ਚਰਿਤ੍ਰ ਨੰ. 405 ਦੇ 377 ਚਉਪਦੇ ਤੋਂ ਲੈ ਕੇ 404 ਪਦੇ ਤੱਕ 27 ਪਦਿਆਂ ਵਾਲੀ ਕਬਯੋਬਾਚ ਬੇਨਤੀ ਚੌਪਈ ?)

9. ਗੁਰ ਬਿਲਾਸ ਪਾਤਸ਼ਾਹੀ 10 ਕ੍ਰਿਤ ਭਾਈ ਸੁਖਾ ਸਿੰਘ ਅਨੁਸਾਰ : ਭਾਈ ਸੁਖਾ ਸਿੰਘ ਜੀ ਪਟਨਾ ਵਾਲਿਆਂ ਨੇ ਵੀ ਗੁਰ ਬਿਲਾਸ ਪਾਤਸ਼ਾਹੀ 10 ਵਿਚ ਕੁਝ ਮੰਤਰ ਪੜ੍ਹ ਕੇ ਅੰਮ੍ਰਿਤ ਤਿਆਰ ਕਰਨ ਦਾ ਜ਼ਿਕਰ ਕੀਤਾ ਹੈ, ਕਿਸੇ ਵਿਸ਼ੇਸ਼ ਬਾਣੀ ਦੇ ਪੜ੍ਹੇ ਜਾਣ ਦਾ ਨਹੀਂ।

10. ਗੁਰ ਸੋਭਾ ਲਿਖਾਰੀ ਕਵੀ ਸੈਨਾਪੱਤਿ (ਸਿੰਘ) ਅਨੁਸਾਰ : ਏਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਕਵੀ ਲਿਖਾਰੀ ਸੈਨਾਪੱਤਿ (ਸਿੰਘ), ਨੇ ਆਪਣੀ ਪੁਸਤਕ ਗੁਰ ਸੋਭਾ ਵਿਚ ਖੰਡੇ ਦੀ ਪਾਹੁਲ ਛਕਾਉਣ ਦੀ ਵਿਧੀ ਆਦਿ ਦਾ ਕੋਈ ਜ਼ਿਕਰ ਨਹੀਂ ਕੀਤਾ। ਕੇਵਲ ਭੱਦਣ (ਮੁੰਡਨ) ਕਰਨ, ਹੁੱਕਾ ਪੀਣ ਤੇ ਮੀਣਿਆਂ ਮਸੰਦਾਂ ਆਦਿ ਨਾਲ ਵਰਤਣ ਦੀਆਂ ਕੁਰਹਿਤਾਂ ਦਾ ਜ਼ਿਕਰ ਹੈ।

11. ਸ੍ਰੀ ਕਲਗੀਧਰ ਚਮਤਕਾਰ ਕ੍ਰਿਤ ਭਾਈ ਵੀਰ ਸਿੰਘ ਅਨੁਸਾਰ : ਭਾਈ ਵੀਰ ਸਿੰਘ ਸ੍ਰੀ ਕਲਗੀਧਰ ਚਮਤਕਾਰ ਵਿਚ ਪੰਨਾ 227-28 ਤੇ ਲਿਖਦੇ ਹਨ ਕਿ, "ਜਿੱਥੇ ਕਲ ਸਿੱਖੀ ਪਰਖੀ ਸੀ, ... ਉਥੇ ਸਿੰਘਾਸਨ ਲਗ ਰਿਹਾ ਹੈ। ਸੰਗਤ ਜੁੜੀ ਬੈਠੀ ਹੈ..., ਯਾਰਾਂ ਸੌ ਦਾ ਕੜਾਹ ਪ੍ਰਸ਼ਾਦ ਸਜ ਰਿਹਾ ਹੈ ਲੱਠੇ ਦੀਆਂ ਚਾਦਰਾਂ ਉੱਤੇ। ਸਿੰਘਾਸਨ ਤੇ ਬਿਰਾਜ ਰਹੇ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਵੇਤ ਬਸਤਰਾਂ ਵਿਚ, ਅੱਗੇ ਧਰਿਆ ਹੈ ਚਮਕਦਾ ਲੋਹੇ ਦਾ ਬਾਟਾ, ਵਿਚ ਪਿਆ ਹੈ ਜਲ, ਜਿਸ ਵਿਚ ਰੱਖਿਆ ਹੈ ਦੁਧਾਰਾ ਖੰਡਾ। ਸਾਹਮਣੇ ਖੜੇ ਹਨ ਕੱਲ ਵਾਲੇ ਪੰਜ ਸੀਸ ਭੇਟ ਕਰਨ ਵਾਲੇ ਜੀਵਨ ਮੁਕਤ, ਸਫੈਦ ਬਸਤ੍ਰ ਧਾਰੇ...। ਸਾਹਿਬਾਂ ਨੇ ਆਵਾਜ਼ ਦਿੱਤੀ... ਪੰਜਾਂ ਨੂੰ ਕਿ ਭਾਈ ਵਾਹਿਗੁਰੂ ਗੁਰੂ ਮੰਤ੍ਰ ਹੈ... ਇਕ ਚਿੱਤ ਹੋ ਜਪੋ "ਵਾਹਿਗੁਰੂ"। ਪੰਜੇ ਤਾਂ ਇਸ ਕਾਰੇ ਲਗ ਪਏ, ਆਪ ਸਾਹਿਬਾਂ ਦਾ ਬਲੀ ਤੇ ਦਾਤਾ ਹੱਥ, ਗਿਆ ਖੰਡੇ ਉਤੇ, ਜੋ ਫਿਰਨ ਲਗ ਪਿਆ ਜਲ ਵਿਚ ਤੇ ਆਪ ਕਰਨ ਲਗ ਗਏ ਪਾਠ ਬਾਣੀਆਂ ਦਾ, ਕਲ ਦੇ ਤਲਵਾਰ ਦੀ ਧਾਰ ਅੱਗੇ ਮਰਨੇ ਲਈ ਨਿਵੇਂ ਆਪਾ ਵਾਰੂਆਂ ਦੇ ਸਨਮੁਖ ਖੜੇ ਕੇ ਇਕ ਤੋ ਮੂਲ ਮੰਤ੍ਰ ਦਾ ਪਾਠ ਕਰਵਾਇਆ ਪੰਜ ਵੇਰ। ਤੇ ਫੇਰ ਪੰਜ ਚੂਲੇ ਛਕਾਏ, ਨੈਣੀ ਛੱਟੇ ਮਾਰੇ ਤੇ ਪੰਜ ਹੀ ਚੂਲੇ ਕੇਸਾਂ ਵਿਚ ਪਾਏ, ਐਉਂ ਪੰਜਾਂ ਨੂੰ ਅੰਮ੍ਰਿਤ ਛਕਾਯਾ।"

(ਨੋਟ : ਇਥੇ ਪੜ੍ਹੀਆਂ ਬਾਣੀਆਂ ਦਾ ਜ਼ਿਕਰ ਨਹੀਂ। ਪੰਜ ਪਿਆਰੇ ਵੀ ਇਕ ਦਿਨ ਪਹਿਲਾਂ ਚੁਣ ਲਏ ਸੀ ਤੇ ਅਗਲੇ ਦਿਨ ਅੰਮ੍ਰਿਤ ਛਕਾਇਆ। ਸਤਿਗੁਰਾਂ ਖੰਡੇ ਨਾਲ ਅੰਮ੍ਰਿਤ ਤਿਆਰ ਹੋਣ ਤੋਂ ਬਾਅਦ ਇਕ ਕੋਲੋਂ ਪੰਜ ਵੇਰ ਮੂਲ ਮੰਤ੍ਰ ਦਾ ਪਾਠ ਕਰਵਾਇਆ) (ਖਾਲਸਾ ਸਮਾਚਾਰ 6-13 ਅਪ੍ਰੈਲ, 2000 ਨੂੰ ਛਪੇ ਲੇਖ ਅੰਮ੍ਰਿਤ ਦੇ ਆਧਾਰ ਤੇ)

12. ਇਤਿਹਾਸ ਇਸ ਮਨੌਤ ਦੀ ਕਤਅਨ ਗਵਾਹੀ ਨਹੀਂ ਦਿੰਦਾ ਕਿ ਸ੍ਰੀ ਦਸ਼ਮੇਸ਼ ਜੀ ਨੇ ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਅੱਜ ਕੱਲ ਪੜ੍ਹੀਆਂ ਜਾਂਦੀਆਂ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕੀਤਾ ਸੀ। ਐਸਾ ਦਾਅਵਾ ਕਰਨਾ ਸਿਰਫ ਲੂਣ ਦਾ ਪਿੰਨਾਂ ਪੱਥਣ ਸਮਾਨ ਹੈ। ਐਸੀ ਹਕੀਕੀ ਸਥਿਤੀ ਵਿਚ ਕੀ ਕੀਤਾ ਜਾਵੇ ? ਅਸਾਡਾ ਸਨਿਮਰ ਨਿਵੇਦਨ ਹੈ ਕਿ ਅੱਜ ਕੱਲ ਜਿਨ੍ਹਾਂ ਪੰਜਾਂ ਬਾਣੀਆਂ ਦਾ ਪਾਠ ਅੰਮ੍ਰਿਤ ਪਾਨ ਦੇ ਸਮੇਂ ਹੁੰਦਾ ਹੈ, ਇਨ੍ਹਾਂ ਦਾ ਇੰਨ ਬਿੰਨ ਉਲੇਖ ਸਿੰਘ ਸਭਾ ਲਹਿਰ ਤੋਂ ਪਹਿਲਾਂ

ਕਿਸੇ ਵੀ ਪ੍ਰਮਾਣਿਕ ਇਤਿਹਾਸ ਤੋਂ ਪ੍ਰਾਪਤ ਨਹੀਂ ਹੁੰਦਾ। ਜਾਪਦਾ ਹੈ ਕਿ ਸਿੰਘ ਸਭਾ ਲਹਿਰ ਤੋਂ ਪਹਿਲਾਂ ਅੰਮ੍ਰਿਤ ਪਾਨ ਸੰਬੰਧੀ ਬਾਣੀਆਂ ਦੀ ਕੋਈ ਨਿਸ਼ਚਿਤ ਪਰੰਪਰਾ ਨਹੀਂ ਸੀ, ਜਥੇ-ਜਥੇ ਅਤੇ ਡੇਰੇ ਡੇਰੇ ਅਨੁਸਾਰ ਬਦਲਦੀ ਸੀ। ਵਿਸਥਾਰ ਲਈ ਵੇਖੋ ਦਸਮ ਗ੍ਰੰਥ ਦਾ ਕਰਤ੍ਰਿਤਵ, ਡਾ. ਰਤਨ ਸਿੰਘ ਜੱਗੀ ਪੰਨਾ 36-37)

ਸਨਿਮਰ ਪੁੱਛ

ਗੁਰਮਤਿ ਸਿਧਾਂਤਾਂ ਦੇ ਨਵੇਂ ਨਵੇਂ ਪ੍ਰਚਾਰਕ ਇਹੀ ਵਿਪੱਖੀ ਵੀਰ, ਜੋ ਸ਼੍ਰੋਮਣੀ ਕਮੇਟੀ ਵਲੋਂ 65 ਕੁ ਸਾਲ ਤੋਂ ਪੰਥ ਵਿਚ ਸਰਬ-ਸੰਮਤੀ ਨਾਲ ਲਾਗੂ ਕੀਤੀ ਗਈ, "ਸਿੱਖ ਰਹਿਤ ਮਰਯਾਦਾ" ਨੂੰ ਬਿਨਾਂ ਕਿਸੇ ਇਤਿਹਾਸਕ ਆਧਾਰ ਦੇ, ਆਪਣੀ ਨਿੱਜ ਮੱਤ ਅਨੁਸਾਰ ਬਦਲਣਾ ਚਾਹੁੰਦੇ ਹਨ, ਸਪੱਸ਼ਟ ਤੌਰ ਉੱਤੇ ਦੱਸਣ ਦੀ ਕ੍ਰਿਪਾਲਤਾ ਕਰਨ ਕਿ ਉਹ ਐਸੀਆਂ ਤਬਦੀਲੀਆਂ ਕਿਸ ਆਧਾਰ ਉਤੇ ਕਰਨਾ ਹੱਕ ਬਜਾਨਬ ਸਮਝਦੇ ਹਨ ? ਉਨ੍ਹਾਂ ਪਾਸ ਐਸੀ ਸੋਚਣੀ ਲਈ, ਪ੍ਰਾਚੀਨ ਇਤਿਹਾਸ ਵਿਚੋਂ ਇਕ ਵੀ ਸਬੂਤ ਮੌਜੂਦ ਨਹੀਂ। ਫਿਰ ਕੁਝ ਸੰਸਥਾਵਾਂ ਦਾ ਬਿਨਾਂ ਕਿਸੇ ਖੋਜ ਪੜਤਾਲ ਕੀਤੇ ਦੇ, ਇਹ ਦਾਅਵਾ ਕਰਨਾ ਕਿ ਉਹ ਸੰਨ 1699 ਦੀ ਵਿਸਾਖੀ ਵੇਲੇ, ਸ੍ਰੀ ਦਸਮੇਸ਼ ਸਤਿਗੁਰੂ ਜੀ ਵਲੋਂ ਅਪਣਾਈ ਤੇ ਦੱਸੀ ਰਹਿਤ ਮਰਯਾਦਾ ਲਾਗੂ ਕਰਨ ਦੇ ਹਿਮਾਇਤੀ ਹਨ, ਕਿਤਨਾ ਬੇਬੁਨਿਆਦ, ਕਲਪਨਾ ਆਧਾਰਿਤ ਅਤੇ ਪੰਥਕ ਏਕਤਾ ਦੇ ਮੁਨਾਫੀ ਹੈ, ਸੁਹਿਰਦ ਪਾਠਕ ਜੀ ਆਪ ਹੀ ਅੰਦਾਜ਼ਾ ਲਾ ਲੈਣ। ਕੁਝ ਸੱਜਣਾਂ ਦੀ ਦੂਜੀ ਦਲੀਲ ਕਿ ਜਿਸ ਮਰਯਾਦਾ ਦੇ ਉਹ ਹਾਮੀ ਹਨ, ਉਹ ਸੰਨ 1699 (ਤਿੰਨ ਕੁ ਸਦੀਆਂ) ਤੋਂ ਸੀਨਾ ਬਸੀਨਾ ਉਨ੍ਹਾਂ ਤੱਕ ਤੁਰੀ ਆ ਰਹੀ ਹੈ ਹੋਰ ਵੀ ਥੋਥੀ ਤੇ ਹਾਸੋ ਹੀਣੀ ਹੈ। ਸਨਿਮਰ ਪੁੱਛਿਆ ਜਾ ਸਕਦਾ ਹੈ ਕਿ ਜੋ ਮਰਯਾਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰਿਆਂ, ਹਜ਼ੂਰੀ ਲਿਖਾਰੀਆਂ, ਸਮਕਾਲੀ ਤੇ ਸਮੀਪਕਾਲੀ ਇਤਿਹਾਸਕਾਰਾਂ-ਲਿਖਾਰੀਆਂ ਦੇ ਸੀਨਿਆਂ ਉਤੇ ਇਕ ਸਮਾਨ ਨਾ ਉਤਰੀ, ਉਹ ਸਦੀਆਂ ਬਾਦ, ਇਨ੍ਹਾਂ ਅਜੋਕੀਆਂ ਸਤਿਕਾਰ ਯੋਗ ਹਸਤੀਆਂ ਨੂੰ ਕਿਵੇਂ ਤੇ ਕਿਥੋਂ ਕੰਠ ਰਹੀ ਅਤੇ ਉਹ ਵੀ ਵੱਖ ਵੱਖ ਸੰਸਥਾਵਾਂ ਜਾਂ ਜਥੇਬੰਦੀਆਂ ਨੂੰ ਵੱਖ ਵੱਖ ਰੂਪ 'ਚ ? ਕੀ ਇਹਨਾਂ ਸਤਿਕਾਰ ਯੋਗ ਸੱਜਣਾਂ ਨੇ ਕਦੀ ਸੋਚਿਆ ਵਿਚਾਰਿਆ ਹੈ ਕਿ ਜੇ ਕਿਤੇ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਬਾਣੀ ਨੂੰ ਇਕ ਸੈਂਚੇ ਵਿਚ ਪ੍ਰਮਾਣੀਕ ਲਿਖਤੀ ਰੂਪ ਵਿਚ ਸੰਕਲਨ ਕਰਨ ਦਾ ਉਪਕਾਰ ਨਾ ਕਰਦੇ ਅਤੇ ਸੀਨਾ-ਬਸੀਨਾ ਤੁਰਨ ਦੀ ਗੈਰ ਯਕੀਨੀ ਮਨੌਤ ਨੂੰ ਪ੍ਰਵਾਨਦੇ, ਤਾਂ ਅੱਜ ਸਾਡਾ ਕੀ ਹਸ਼ਰ ਹੁੰਦਾ ? ਚੇਤੇ ਰਹੇ : ਪੰਥ ਦੀ ਲਾਜ਼ਵਾਲ ਅਥਵਾ ਸਰਬਕਾਲੀ, ਸਰਬ-ਦੇਸੀ ਪਾਇਦਾਰ ਤੇ ਅਦੁੱਤੀ ਹਸਤੀ ਦਾ ਦਾਰੋਮਦਾਰ ਹੈ : "ਧੁਰ ਕੀ ਬਾਣੀ", "ਗੁਰ ਸ਼ਬਦ" ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਾਪਤ ਅਮਰ ਲਿਖਤੀ ਸੇਧ ਉਤੇ।

ਤਾਂ ਤੇ ਜੇ 'ਗੁਰਬਾਣੀ' ਕਲਪਤ ਦੇਵੀ ਦੇਵਤਿਆਂ, ਅਵਤਾਰਾਂ ਤੇ ਫੋਕਟ ਕਰਮ ਕਾਂਡਾਂ ਤੇ ਮਨੌਤਾਂ ਦਾ ਖੰਡਨ ਕਰਦੀ ਹੈ, ਤਾਂ ਗੁਰੂ ਕੇ ਸਿੱਖਾਂ ਵਲੋਂ ਵਿੰਗੇ ਟੇਢੇ ਢੰਗ ਨਾਲ ਜਾਣੇ ਅਣਜਾਣੇ, ਕਿਸੇ ਗੁਰੂ ਵਿਅਕਤੀ ਨੂੰ ਉਨ੍ਹਾਂ ਦੇ ਸ਼ਰਧਾਲੂ ਤੇ ਪੁਜਾਰੀ ਮੰਨਣਾ ਤੇ ਸਿੱਖ ਰਹੁ ਰੀਤ ਤੇ ਮਰਯਾਦਾ ਦਾ ਆਧਾਰ ਬਣਾਉਣ, ਕਿਤਨਾ ਦੁਖਦਾਇਕ ਤਬਾਹਕੁਨ ਤੇ ਘੋਰ ਅਨਿਆਂ ਪੂਰਬਕ ਹੈ?

ਜ਼ਰਾ ਸੋਚੋ : ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਐਲਾਨੀਆ ਅਵਤਾਰ ਵਾਦ ਤੇ ਦੇਵੀ ਪੂਜਾ ਤੋਂ ਇਉਂ ਵਰਜਦੇ ਹੋਣ :

(ੳ) ਨਾਨਕ, ਨਿਰਭਉ ਨਿਰੰਕਾਰ, ਹੋਰਿ ਕੇਤੇ ਰਾਮ ਰਵਾਲ॥
ਕੇਤੀਆ ਕੰਨ੍ਹ ਕਹਾਣੀਆਂ, ਕੇਤੇ ਬੇਦ ਬੀਚਾਰ॥
(ਵਾਰ ਆਸਾ)

(ਅ) ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ॥
ਪਾਹਨ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ॥
(ਪੰ. 637, ਸੋਰਠਿ)

ਪਰ ਉਨ੍ਹਾਂ ਦੇ ਆਪਣੇ ਨਾਮਲੇਵਾ ਵਿਦਵਾਨ ਹੀ ਉਨ੍ਹਾਂ ਦੀ ਜੋਤਿ ਸ੍ਰੀ ਦਸਮੇਸ਼ ਜੀ (ਦਸਵੇਂ ਨਾਨਕ) ਬਾਰੇ ਇਹ ਸਿੱਧ ਕਰਨ ਲਈ ਸਾਰਾ ਤਾਣ ਲਾਉਣ ਕਿ ਗੁਰੂ ਜੀ ਵਿਸ਼ਨੂੰ ਦੇ 24 ਅਵਤਾਰਾਂ, ਪਾਰਬਤੀ ਦੇ ਸੋਲਾਂ ਅਵਤਾਰਾਂ, ਭਗਉਤੀ ਦੁਰਗਾ, ਜਗ-ਮਾਤਾ, ਸ਼ਿਵਾ, ਸੀਤਲਾ, ਕਾਲਕਾ, ਹਿੰਗਲਾ, ਪਿੰਗਲਾ ਤੇ ਸਰਸਵਤੀ ਆਦਿ ਦੇਵੀਆਂ ਦੀਆਂ ਕਿੱਸਿਆਂ ਕਹਾਣੀਆਂ ਦੇ ਪ੍ਰਸੰਸਕ ਤੇ ਪੂਜਕ ਹਨ, ਕਿਤਨਾ ਅਨਰਥ ਹੈ? ਅਤੇ ਜਦ ਕੋਈ ਪੰਥ-ਦਰਦੀ ਉਨ੍ਹਾਂ ਦਾ ਧਿਆਨ ਇਸ ਹਕੀਕਤ ਵੱਲ ਦਿਵਾਉਣ ਦਾ ਤਰਲਾ ਮਾਰੇ ਕਿ ਪੁਰਾਣਾਂ ਵਿਚ ਇਹ ਸਾਰੀਆਂ 16 ਦੇਵੀਆਂ ਉਸੇ ਤਰ੍ਹਾਂ ਪਾਰਬਤੀ ਦਾ ਅਵਤਾਰ ਹਨ, ਜਿਵੇਂ ਵਿਸ਼ਨੂੰ ਨੂੰ ਰਾਮ, ਕ੍ਰਿਸ਼ਨ, ਕੱਛ, ਮੱਛ ਤੇ ਮੋਹਨੀ ਆਦਿ 24 ਅਵਤਾਰਾਂ ਦਾ ਹੇਤੂ ਮੰਨਿਆ ਜਾਂਦਾ ਹੈ, ਤਾਂ ਇਹ ਕ੍ਰੋਧਿਤ ਹੋ ਜਾਂਦੇ ਹਨ। ਹਰੇਕ ਨਾਨਕ ਨਾਮ ਲੇਵਾ ਸੰਸਥਾ ਦੀ ਸੇਵਾ 'ਚ ਸਨਿਮਰ ਪ੍ਰਾਰਥਨਾ ਹੈ ਕਿ ਉਹ ਮਿਲ ਬੈਠ ਕੇ ਐਸੀਆਂ ਗੁਰਮਤਿ ਵਿਰੋਧੀ ਖਤਰਨਾਕ ਲਿਖਤਾਂ ਨੂੰ ਘੋਖਣ ਅਤੇ ਅਕਾਰਨ ਨਿਰਮੂਲ ਹੱਠ ਨ ਕਰਨ। ਦੇਵੀਆਂ ਲਈ ਵਰਤੇ ਉਪਰੋਕਤ ਨਾਵਾਂ ਨੂੰ ਅਕਾਲ ਪੁਰਖ ਦੀ ਸ਼ਕਤੀ ਦੇ ਪ੍ਰਤੀਕ ਦੱਸਣ ਦੀ ਭਾਰੀ ਤੇ ਖਤਰਨਾਕ ਮਨਮਤੀ ਭੁੱਲ ਨੂੰ ਤਿਆਗਣ।

ਗਜ਼ਬ ਸਾਈਂ ਦਾ ਜੋ ਦਸਮੇਸ਼ ਜੀ ਅਵਤਾਰਵਾਦ ਬਾਰੇ ਸਪੱਸ਼ਟ ਰਾਇ ਲਿਖਦੇ ਹਨ, ਅਸੀਂ ਉਨ੍ਹਾਂ ਦੇ ਨਾਮ ਨਾਲ ਅਵਤਾਰਵਾਦੀ ਰਚਨਾਵਾਂ 'ਰਾਮਾਅਵਤਾਰ' ਆਦਿ ਜੋੜ ਕੇ ਰੋਜ਼ ਰਹਿਰਾਸ ਵਿਚ ਪੜ੍ਹਨ ਲਈ ਪੂਰਾ ਤਾਣ ਲਾਈਏ "ਰਾਮ ਕਥਾ ਜੁਗ ਜੁਗ ਅਟਲ...।" ਅਤੇ "ਜੋ ਇਹ ਕਥਾ ਸੁਨੈ ਅਰ ਗਾਵੈ। ਦੂਖ ਪਾਪ ਤਿਹ ਨਿਕਟ ਨ ਆਵੈ।" ਬਿਸਨ ਭਗਤ ਕੀਏ

ਫਲ ਹੋਈ। ਆਧਿ ਬਿਆਧਿ ਛੁਹੈ ਸਕੈ ਨ ਕੋਈ॥" ਅਤੇ ਇਸ ਨੂੰ 1699 ਈਸਵੀ ਤੋਂ ਚਲਾਈ ਗੁਰਮਤ ਦੱਸਣ ਹਿੱਤ ਪੂਰਾ ਤਾਣ ਲਾਈਏ।

ਆਪ ਸਭ ਦੀ ਸੇਵਾ 'ਚ ਸਨਿਮਰ ਮਸ਼ਵਰਾ ਹੈ ਕਿ ਉਹ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਕ੍ਰਿਤ "ਗੁਰਮਤ ਮਾਰਤੰਡ" (ਭਾਗ ਦੂਜਾ-ਛਾਪਕ ਸ਼੍ਰੋਮਣੀ ਕਮੇਟੀ) ਦਾ ਪੰਨਾ 597 ਤੇ 598 ਵਾਚਨ ਵੀਚਾਰਨ ਦੀ ਕ੍ਰਿਪਾਲਤਾ ਕਰਨਾ। ਭਾਈ ਸਾਹਿਬ ਦੀ ਲਿਖਤ ਦਾ ਕੁਝ ਭਾਗ, ਪਾਠਕਾਂ ਦੀ ਸੇਵਾ 'ਚ ਅੰਕਿਤ ਕਰ ਰਹੇ ਹਾਂ। ਭਾਈ ਸਾਹਿਬ ਦੇਵੀ ਪੂਜਾ ਦੇ ਪ੍ਰਸੰਗ ਵਿਚ ਲਿਖਦੇ ਹਨ :

"ਪਿਆਰੇ ਨਾਨਕ ਪੰਥੀਓ! ਸਭ ਤੋਂ ਪਹਿਲਾਂ ਆਪ ਇਹ ਵੀਚਾਰੋ ਕਿ ਦੇਵੀ ਕੌਣ ਹੋਈ ਹੈ ਅਤੇ ਉਸਨੇ ਸੰਸਾਰ ਦਾ ਕੀ ਉਪਕਾਰ ਕੀਤਾ ਹੈ। ਪੁਰਾਣ ਤੋਂ ਪਤਾ ਲਗਦਾ ਹੈ ਕਿ ਉਹ ਹਿਮਾਲਿਆ ਪਰਬਤ ਦੀ ਬੇਟੀ ਸੀ। ਇਸ ਲਈ ਉਸਦਾ ਨਾਮ ਪਾਰਬਤੀ, ਗਿਰਜਾ, ਭਵਾਨੀ ਆਦਿ ਹੈ। ਉਸ ਨੇ ਦੇਵਤਿਆਂ ਦੀ ਹਿਮਾਇਤ ਵਿਚ ਦੈਤਾਂ ਨਾਲ ਯੁੱਧ ਕੀਤਾ ਅਤੇ ਇੰਦਰ ਨੂੰ ਕਈ ਵੇਰ (ਸੁਰਸੀ) ਰਾਜਗੱਦੀ ਮੁੜ ਦਿੱਤੀ ਅਤੇ ਇੰਦਰ ਉਹ ਦੇਵਤਾ ਹੈ, ਜੋ ਸਾਰਾ ਦਿਨ ਅਪਸਰਾਵਾਂ ਦਾ ਨਾਚ ਅਤੇ ਤਮਾਸ਼ਾ ਦੇਖਦਾ ਹੋਇਆ ਐਸ਼ ਆਰਾਮ ਨਾਲ ਸਮਾਂ ਬਿਤਾਉਂਦਾ ਹੈ। ਅਤੇ ਪੁਰਾਣਾ ਤੋਂ ਪਤਾ ਚਲਦਾ ਹੈ ਕਿ ਕੋਈ ਰਿਸ਼ੀ ਐਸਾ ਨਹੀਂ ਜਿਸ ਦੇ ਭਜਨ ਤੇ ਤਪ ਵਿਚ ਵਿਘਨ ਪਾਉਣ ਵਾਸਤੇ ਇੰਦਰ ਨੇ ਲੁੱਚੀਆਂ ਤੀਵੀਆਂ ਨਾ ਭੇਜੀਆਂ ਹੋਣ। ਅਤੇ ਉਹ ਖੁਦ ਰਿਸ਼ੀਆਂ ਦੀਆਂ ਇਸਤਰੀਆਂ ਨਾਲ ਵਿਭਚਾਰ ਕਰਦਾ ਰਿਹਾ ਹੈ। ਜਿਹਾ ਕਿ ਅਹਿਲਿਆ (ਗੌਤਮ ਰਿਸ਼ੀ ਦੀ ਪਤਨੀ) ਦੀ ਕਥਾ ਹੈ। ਐਸੇ ਵਿਭਚਾਰੀ ਤੇ ਕੁਕਰਮੀ ਦੀ ਸਹਾਇਤਾ ਕਰਕੇ ਦੇਵੀ ਨੇ ਜਗਤ ਨੂੰ ਕੀ ਸੁੱਖ ਦਿੱਤਾ? ਇੰਦਰ ਨੇ ਰਾਜ ਲੈ ਕੇ ਸੰਸਾਰ ਦਾ ਕਿਹੜਾ ਸੁਧਾਰ ਕੀਤਾ?

"... ਕਈ ਮੰਤਕੀ ਇਹ ਆਖਦੇ ਹਨ ਕਿ ਅਸੀਂ ਹਿਮਾਲਿਆ ਦੀ ਬੇਟੀ ਅਥਵਾ ਅਸ਼ਟ ਭੁਜੀ ਆਦਿਕ ਸਰੂਪ ਵਾਲੀ ਦੇਵੀ ਨੂੰ ਨਹੀਂ ਪੂਜਦੇ, ਅਸੀਂ ਤਾਂ ਅਕਾਲ ਪੁਰਖ ਦੀ ਜੋ ਸ਼ਕਤੀ ਹੈ ਉਸ ਨੂੰ ਮੰਨਦੇ ਹਾਂ। ਉਨ੍ਹਾਂ ਪ੍ਰਤਿ ਅਸੀਂ ਇਹ ਪ੍ਰਸ਼ਨ ਕਰਦੇ ਹਾਂ ਕਿ ਅਕਾਲ ਪੁਰਖ ਦੀ ਸ਼ਕਤੀ ਉਸ ਤੋਂ ਭਿੰਨ ਹੈ ਜਾਂ ਅਭਿੰਨ? ਜੜ੍ਹ ਹੈ ਜਾਂ ਚੇਤਨ? ਅਤੇ ਅਨਿਤਯ ਹੈ ਜਾਂ ਨਿਤਯ? ਜੇ ਦੇਵੀ ਅਕਾਲ ਪੁਰਖ ਤੋਂ ਭਿੰਨ, ਚੇਤਨ ਅਤੇ ਨਿਤਯ ਤੁਸੀਂ ਮੰਨਦੇ ਹੋ ਅਤੇ ਉਸਦੀ ਪੂਜਾ ਕਰਦੇ ਹੋ ਤਾਂ ਨਿਸ਼ਚੈ ਕਰੋ ਕਿ ਗੁਰੂ ਸਾਹਿਬ ਨੇ ਜੋ ਓਅੰਕਾਰ ਦੇ ਆਦਿ ਵਿਚ ਏਕਾ ਲਾਇਆ ਹੈ, ਤੁਸੀਂ ਉਸ ਉਪਰ ਹੜਤਾਲ ਦੇ ਫਿਕਰ ਵਿਚ ਹੋ, ਔਰ ਸਿੱਖੀ ਤੋਂ ਪਤਿਤ ਹੋ ਅਤੇ ਜੇ ਦੇਵੀ ਅਕਾਲ ਪੁਰਖ ਤੋਂ ਭਿੰਨ ਨਹੀਂ, ਕੇਵਲ ਉਸ ਦੀ ਸ਼ਕਤੀ ਮਾਤਰ ਦਾ ਨਾਉਂ ਹੈ ਤਾਂ ਉਸ ਦਾ 'ਦੇਵੀ' ਨਾਮ ਲੈ ਕੇ ਭਿੰਨ ਪੂਜਣਾ ਵੀ ਮਹਾਂ ਅਗਿਆਨਤਾ ਅਤੇ ਮੂਰਖਤਾ ਹੈ।"

ਚੌਪਈ ਅਧੂਰੀ ਕਿਉਂ — ਇਕ ਅਹਿਮ ਪ੍ਰਸ਼ਨ ?

ਸੁਹਿਰਦ ਪਾਠਕਾਂ ਨੇ ਨੋਟ ਕੀਤਾ ਹੋਵੇਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਵਲੋਂ "ਰਹੁਰੀਤ ਸਬ ਕਮੇਟੀ" (ਸੰਨ 1931) ਦੀ ਸਿਫਾਰਿਸ਼ ਉਤੇ ਪ੍ਰਵਾਨੀ ਤੇ ਪ੍ਰਚਲਤ ਕੀਤੀ "ਸਿੱਖ ਰਹਿਤ ਮਰਯਾਦਾ" ਵਿਚ ਸ਼ਾਮਲ ਕੀਤੀ "ਕਬਯੋਬਾਚ ਬੇਨਤੀ ਚੌਪਈ" ਦੇ ਕੁਲ 27 ਪਦਿਆਂ (ਛੰਦਾਂ) ਵਿਚੋਂ ਪਹਿਲੇ 25 ਪਦੇ ਹੀ ਰੱਖੇ ਹਨ ਤੇ ਅੰਤਲੇ 26, 27 ਪਦੇ ਛੱਡੇ ਹਨ। ਆਖਿਰ ਕਿਉਂ ? ਇਸ ਦਾ ਜ਼ਰੂਰ ਕੋਈ ਕਾਰਨ ਹੈ, ਅਤੇ ਉਹ ਕਾਰਨ ਹੈ ਕਿ ਇਹ ਅੰਤਲੇ ਦੋਵੇਂ ਪਦੇ (ਜੋ ਸੰਤ ਸਮਾਜੀ ਸੱਜਣ ਪੂਰੇ ਜ਼ੋਰ ਨਾਲ ਪੜ੍ਹਦੇ ਹਨ) ਸਿੱਧੇ ਤੇ ਸਪੱਸ਼ਟ ਤੌਰ ਉਤੇ ਸ਼ਾਕਤਾਂ ਦੇ ਰੱਬ, ਮਹਾਂਕਾਲ ਤੇ ਉਸਦੀ ਸ਼ਕਤੀ "ਦੇਵੀ" ਦਾ ਸੰਕੇਤ ਦਿੰਦੇ ਹਨ। ਵਾਚੋ ਇਹਨਾਂ ਦਾ ਪਾਠ —

(ੳ) ਕ੍ਰਿਪਾ ਕਰੀ ਹਮ ਪਰ ਜਗਮਾਤਾ॥
"ਗ੍ਰੰਥ" ਕਰਾ ਪੂਰਨ ਸੁਭਰਾਤਾ॥
ਕਿਲਬਿਖ ਸਕਲ ਦੇਹ ਕੋ ਹਰਤਾ॥
ਦੁਸਟ ਦੋਖਿਯਨ ਕੋ ਛੈ ਕਰਤਾ॥ (26)

(ਅ) ਸ੍ਰੀ ਅਸਧੁਜ ਜਬ ਭਏ ਦਿਆਲਾ॥
ਗ੍ਰੰਥ ਕਰਾ ਪੂਰਨ ਤਤਕਾਲਾ॥
ਮਨ ਬਾਂਛਤ ਫਲ ਪਾਵੈ ਸੋਈ॥
ਦੂਖ ਨ ਤਿਸੈ ਬਿਆਪਤ ਕੋਈ॥ (27) (405)

ਏਥੇ, "ਜਗਮਾਤਾ" ਤੇ "ਅਸਧੁਜ" (ਮਹਾਂਕਾਲ) ਜਿਸਦੇ ਝੰਡੇ ਵਿਚ ਤਲਵਾਰ (ਅਸ) ਦਾ ਨਿਸ਼ਾਨ ਹੈ, ਦੋਵੇਂ ਸਮਾਨਅਰਥਕ ਹਨ, ਇਕਮਿਕ ਹਨ, ਜਿਨ੍ਹਾਂ ਦੀ ਕ੍ਰਿਪਾ ਨਾਲ ਸਤਲੁਜ ਦੇ ਕੰਢੇ "ਚਰਿਤਰੋ ਪਖਯਾਨ ਗ੍ਰੰਥ" ਸੰਪੂਰਨ ਹੋਇਆ। 'ਕਬਯੋਬਾਚ ਬੇਨਤੀ ਚੌਪਈ' ਗ੍ਰੰਥ ਨਹੀਂ। ਇਸਦੇ ਤਾਂ ਕੇਵਲ 27 ਛੰਦ ਹਨ, ਜਦ ਕਿ ਇਸ ਗ੍ਰੰਥ ਦੇ ਅੰਤ ਵਿਚ ਛੰਦਾਂ ਦੀ ਗਿਣਤੀ 7555 ਅੰਕਿਤ ਹੈ। ਛਾਪੇ ਦੀ ਬੀੜ ਵਿਚ ਇਸ ਚਰਿਤ੍ਰੋ ਪਾਖਿਆਨ ਗ੍ਰੰਥ ਦਾ ਆਕਾਰ 580 ਕੁ ਪੰਨੇ ਬਣਦਾ ਹੈ। ਜੇ ਇਸ ਵਿਚ ਫਾਰਸੀ ਦੀਆਂ 11 ਹਿਕਾਯਤਾਂ ਦੇ 35 ਪੰਨੇ ਹੋਰ ਗਿਣੇ ਜਾਣ ਤਾਂ ਇਹ 1428 ਪੰਨਿਆਂ ਦੇ ਦਸਮ ਗ੍ਰੰਥ ਵਿਚ 615 ਪੰਨੇ ਬਣਦੇ ਹਨ। ਹਕਾਯਤਾਂ ਵੀ ਫਾਰਸੀ ਬੋਲੀ ਵਿਚ ਚਰਿਤ੍ਰੋ ਪਖਯਾਨ ਹੀ ਹਨ।

ਜਾਪਦਾ ਹੈ ਕਿ ਨਿਹੰਗ ਸਿੰਘਾਂ ਵਲੋਂ "ਕਬਯੋਬਾਚ ਬੇਨਤੀ ਚੌਪਈ" ਦੀ ਵਧੇਰੇ ਪ੍ਰਸੰਗਿਕ ਪਰਖ ਪੜਚੋਲ ਕੀਤੇ ਬਿਨਾਂ, ਇਸ ਦੇ ਬਜ਼ਾਹਰ ਦਿਸਦੇ ਅਰਥਾਂ ਨੂੰ ਮੁਖ ਰੱਖ ਕੇ ਪਾਠ ਕਰਨ ਅਤੇ ਇਸ ਦੇ ਸੰਗਤਾਂ ਵਿਚ ਵੇਖੋ ਵੇਖੀ ਸੁਤੇ ਹੀ ਪੜ੍ਹੇ ਜਾਣ ਦੇ ਕਾਰਨ, ਸ਼੍ਰੋਮਣੀ ਕਮੇਟੀ ਦੀ ਰਹੁ-ਰੀਤ ਕਮੇਟੀ ਨੇ ਇਸਦੇ ਪਹਿਲੇ 25 ਪਦਿਆਂ ਨੂੰ ਤਾਂ ਰਹਿਰਾਸ ਸਾਹਿਬ ਤੇ ਅੰਮ੍ਰਿਤ ਦੀਆਂ

ਪੰਜਾਂ ਬਾਣੀਆਂ ਵਿਚ ਸ਼ਾਮਲ ਕਰ ਲਿਆ, ਪਰੰਤੂ ਅਖੀਰਲੇ ਦੋ ਸਪਸ਼ਟ ਸੰਸਾ-ਗ੍ਰਸਤ ਪਦੇ ਛੱਡ ਦਿੱਤੇ ਗਏ। ਇਹ ਇਕ ਤਰ੍ਹਾਂ ਨਾਲ ਮਜਬੂਰੀ ਵਿਚ ਸਮਝੌਤੇ ਵਾਲਾ (ਰਾਗ ਮਾਲਾ ਵਾਂਗ - ਛਾਪਣਾ ਜ਼ਰੂਰੀ ਹੈ, ਕੋਈ ਪੜ੍ਹੇ ਜਾਂ ਨਾ ਪੜ੍ਹੇ, ਕਿੰਤੂ ਨਹੀਂ ਕਰਨਾ) ਵਿਚਲਾ ਰਾਹ ਲੱਭਿਆ ਗਿਆ ਜਾਪਦਾ ਹੈ। ਸਕੱਤਰ ਸ਼੍ਰੋਮਣੀ ਕਮੇਟੀ, ਤਖਤ ਜੀ ਤੇ ਸ੍ਰੀ ਦਰਬਾਰ ਸਾਹਿਬ ਦੀ ਰਾਇ ਦੇ ਆਧਾਰ ਉਤੇ ਪੱਤਰ ਨੰਬਰ 36672 ਮਿਤੀ 3-8-1973 ਰਾਹੀਂ ਇਕ ਪੁੱਛ ਦਾ ਇਉਂ ਉੱਤਰ ਦਿੰਦੇ ਹਨ :

"ਚਰਿਤ੍ਰੋ ਪਾਖਯਾਨ ਜੋ ਦਸਮ ਗ੍ਰੰਥ ਵਿਚ ਅੰਕਿਤ ਹਨ, ਇਹ ਦਸ਼ਮੇਸ਼ ਬਾਣੀ ਨਹੀਂ, ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।"

ਕਬਯੋਬਾਚ ਬੇਨਤੀ ਚੌਪਈ (27 ਛੰਦ) "ਚਰਿਤ੍ਰੋਪਖਯਾਨ" ਦੇ ਅੰਤਲੇ ਚਰਿਤ੍ਰ ਨੰਬਰ 404 ਵਿਚ ਉਸਦੇ ਅਟੁੱਟ ਅੰਗ 405 ਵਜੋਂ ਆਉਂਦੀ ਹੈ। ਪਾਠਕਾਂ ਦੀ ਜਾਣਕਾਰੀ ਲਈ ਇਸ ਚਰਿਤ੍ਰ ਦਾ ਸੰਖੇਪ ਬਿਓਰਾ ਇੰਝ ਹੈ :

"ਸਤਿਜੁੱਗ ਵਿਚ ਇਕ ਵੱਡ-ਪ੍ਰਤਾਪੀ 'ਸਤਿਸੰਧ' ਨਾਮੀ ਰਾਜੇ ਉੱਤੇ ਦੀਰਘ ਦਾੜ੍ਹ ਨਾਮੀ ਦੈਂਤ ਨੇ ਦਸ ਹਜ਼ਾਰ ਖੂਹਣੀਆਂ ਫੌਜ ਨਾਲ ਹਮਲਾ ਕੀਤਾ। ਰਾਜਾ 20 ਹਜ਼ਾਰ ਖੂਹਣੀਆਂ ਫੌਜ ਨਾਲ ਟਾਕਰੇ ਲਈ ਆਇਆ। ਲੜਾਈ 'ਚ ਇਹ 30 ਹਜ਼ਾਰ ਖੂਹਣੀਆਂ ਫੌਜ ਜੋ ਮਹਾਨ ਕੋਸ਼ ਅਨੁਸਾਰ ਚਾਰ ਅਰਬ 37 ਕਰੋੜ ਤੇ ਚਾਲੀ ਲੱਖ ਬਣਦੀ ਹੈ ਸਾਰੀ ਮਾਰੀ ਗਈ ਤੇ ਇਸ ਖੈ ਵਿਚੋਂ ਇਕ "ਦੁਲਹ ਦੇਵੀ" ਪੈਦਾ ਹੁੰਦੀ ਹੈ, ਜੋ ਮਨੁੱਖ ਦੀ ਥਾਂ ਮਹਾਂਕਾਲ ਨਾਲ ਵਿਆਹ ਕਰਨਾ ਚਾਹੁੰਦੀ ਹੈ। ਮਹਾਂਕਾਲ ਪਹਿਲਾਂ "ਸਵਾਸ ਬੀਜ" ਨੂੰ ਮਾਰ ਕੇ ਫਿਰ ਸ਼ਾਦੀ ਦਾ ਵਾਅਦਾ ਕਰਦਾ ਹੈ। ਦੇਵੀ ਸ਼ਾਦੀ ਦੀ ਕਾਹਲ 'ਚ ਸਵਾਸ ਬੀਜ ਤੇ ਹਮਲਾ ਕਰ ਦਿੰਦੀ ਹੈ। ਜਦ ਲੜਦੀ ਲੜਦੀ ਥੱਕ ਜਾਂਦੀ ਹੈ ਤਾਂ ਮਹਾਂਕਾਲ ਨੂੰ ਪ੍ਰਮਾਤਮਾ ਲਈ ਪ੍ਰਯੋਗ ਕੀਤੇ ਜਾਂਦੇ ਸ਼ਬਦਾਂ ਭਗਵਾਨ, ਸਿਰਤਾਜ, ਆਦਿ, ਅਕਾਲ, ਅਜੋਨਿ, ਨਿਰਬਿਕਾਰ, ਨਿਰਲੰਭ, ਨਿਰਜੁਰ, ਅਬਿਨਾਸ਼ੀ, ਨਿਰੰਕਾਰ, ਨਵਨਿੱਤਯ ਤੇ ਸੁਯੰਭਵ ਆਦਿ ਨਾਲ ਸੰਬੋਧਨ ਕਰਕੇ ਸਹਾਇਤਾ ਲਈ ਬੇਨਤੀ ਕਰਦੀ ਹੈ। ਮਹਾਂਕਾਲ ਅੱਗੋਂ ਖਿੜ ਖਿੜਾ ਕੇ ਹੱਸਦਾ ਤੇ ਸਹਾਇਤਾ ਲਈ ਯੁੱਧ ਦੇ ਮੈਦਾਨ ਵਿਚ ਉਤਰਦਾ ਹੈ। ਦਸਮ ਗ੍ਰੰਥ ਦੇ 30 ਕੁ ਪੰਨਿਆਂ ਵਿਚ ਇਸ ਯੁੱਧ ਦਾ ਹਾਲ ਹਵਾਲ ਹੈ। ਘੋੜਿਆਂ ਦੇ ਸੁੰਮਾਂ ਨਾਲ ਸੱਤ ਪਤਾਲਾਂ ਵਿਚੋਂ ਛੇ ਪਤਾਲ ਉੱਡ ਗਏ। ਸੈਨਾ ਦੀ ਭਾਰੀ ਹਾਨੀ ਹੋਣ ਦੇ ਕਾਰਨ ਸਵਾਸ ਬੀਜ ਨੇ ਆਪਣੇ ਮੂੰਹੋਂ ਅੱਗ ਉਗਲੀ ਜਿਸ ਤੋਂ 'ਪਠਾਨ' ਪੈਦਾ ਹੋਏ। ਫੇਰ ਮੂੰਹੋਂ ਕੱਢੀ ਹਵਾੜ ਤੋਂ 'ਮੁਗ਼ਲ' ਪੈਦਾ ਹੋਏ ਅਤੇ ਫੇਰ ਸਵਾਸਾਂ ਤੋਂ ਸ਼ੇਖ ਤੇ ਸਯੱਦ। ਉਨ੍ਹਾਂ ਦੇ ਅਨੇਕਾਂ ਨਾਵਾਂ ਵਿਚੋਂ ਕੁਝ ਕੁ ਨਾਮ ਹਨ — ਨਾਹਰ ਖਾਨ, ਬੈਰਮ ਖਾਨ, ਬਹਾਦਰ ਖਾਨ, ਰੁਸਤਮ ਖਾਨ ਆਦਿਕ।

ਅੰਤ ਨੂੰ, ਮਹਾਂਕਾਲ ਨੇ ਰੋਹ ਵਿਚ ਆ ਕੇ ਚਾਰ ਤੀਰ ਛੱਡੇ, ਜਿਨ੍ਹਾਂ ਨਾਲ ਪਹਿਲਾਂ ਝੰਡਾ ਉਡਾ ਦਿੱਤਾ, ਫੇਰ ਸਵਾਸ ਬੀਜ ਦੈਂਤ, ਉਪਰੰਤ ਰੱਥ ਤੇ ਫੇਰ ਘੋੜੇ। ਇਸ ਤੋਂ ਬਾਅਦ ਚੌਪਈ ਦੇ 375ਵੇਂ ਤੇ 376ਵੇਂ ਛੰਦ ਅਨੁਸਾਰ ਸ੍ਵਾਸ ਬੀਜ ਰਾਖਸ ਦਾ ਤਲਵਾਰ ਨਾਲ ਸੀਸ ਕੱਟਿਆ। 377 ਛੰਦ ਤੋਂ ਬਾਅਦ ਮਹਾਂਕਾਲ ਦੇ ਧੰਨਵਾਦ ਵਜੋਂ ਉਚਾਰਨ ਹੁੰਦਾ ਹੈ, ਆਦਿਕ।

ਟਿੱਪਣੀ : ਵਿਚਾਰ ਅਧੀਨ ਇਸ ਅੰਤਲੇ ਚਰਿਤ੍ਰ ਵਿਚ ਐਸੇ ਪ੍ਰਕਰਣ ਹਨ ਜਿਨ੍ਹਾਂ ਦਾ ਕੋਈ ਮੂੰਹ ਸਿਰ ਨਹੀਂ। ਜਿਵੇਂ :

ੳ) ਫੌਜ ਦੀ ਐਨੀ ਗਿਣਤੀ ਕਿਥੋਂ ਆ ਗਈ ਤੇ ਕਿਥੇ ਠਹਿਰੀ? ਰਾਸ਼ਨ ਪਾਣੀ ਤੇ ਹਥਿਆਰਾਂ ਆਦਿ ਦਾ ਕਿਥੋਂ ਤੇ ਕਿਵੇਂ ਪ੍ਰਬੰਧ ਹੋਇਆ? ਸਾਰੇ ਸੰਸਾਰ ਦੀ ਅੱਜ ਆਬਾਦੀ ਤਕਰੀਬਨ ਪੰਜ ਅਰਬ ਹੈ।

ਅ) ਇਸਲਾਮੀ ਅਥਵਾ ਮੁਸਲਮਾਨੀ ਨਾਵਾਂ ਵਾਲੇ ਪਠਾਣਾਂ, ਮੁਗਲਾਂ ਤੇ ਸੱਯਦਾਂ ਨੂੰ ਪੈਦਾ ਹੋਏ ਅਜੇ 15 ਕੁ ਸੌ ਸਾਲ ਹੋਏ ਹਨ, ਪਰ ਯੁੱਧ ਹੁੰਦਾ ਹੈ ਸਤਿਯੁਗ ਵਿਚ। ਉਦੋਂ ਨਾਹਰ ਖਾਨ, ਬਹਾਦਰ ਖਾਨ ਕਿਥੋਂ, ਕਿਵੇਂ ਪ੍ਰਗਟ ਹੋਏ? ਇਹ ਸਾਰਾ ਪ੍ਰਸੰਗ ਕਾਲ ਦੋਸ਼ ਭਰਪੂਰ ਹੈ।

ੲ) ਜਿਹੜੇ ਨਿਰੰਕਾਰ, ਨਿਰਾਲਮ ਆਦਿ ਪਦ ਚੌਪਈ ਦੇ ਅੰਕ 91, 92 ਆਦਿ ਵਿਚ ਮਹਾਂਕਾਲ ਦੀ ਉਸਤਤੀ ਵਿਚ ਦੂਲਹ ਦੇਵੀ ਵਲੋਂ ਵਰਤੇ ਗਏ ਹਨ, ਉਹੋ ਹੀ ਬੇਨਤੀ ਚੌਪਈ ਵਿਚ ਆਉਂਦੇ ਹਨ। ਐਸਾ ਗੂਹੜਾ ਮੇਲ ਕਿਉਂ ਤੇ ਕਿਵੇਂ? ਕੀ ਨਿਰੰਕਾਰ ਤੇ ਮਹਾਂਕਾਲ ਦੋਵੇਂ ਇਕੋ ਵਿਅਕਤੀ ਹਨ? ਇਹ ਮਾਮਲਾ ਬੜਾ ਗੜਬੜ ਤੇ ਗੁੰਝਲਦਾਰ ਹੈ, ਅਤੇ ਹੱਲ ਬੜਾ ਬਿਖਮ।

ਸਾਨੂੰ ਇਸ ਖਾਮ ਤੇ ਧੋਖੇ ਖਿਆਲੀ ਵਿਚ ਨਹੀਂ ਰਹਿਣਾ ਚਾਹੀਦਾ ਕਿ ਬੇਨਤੀ ਚੌਪਈ ਚਰਿਤ੍ਰ 404 ਤੋਂ ਵੱਖਰੀ ਹੈ। ਚੌਪਈ ਨੂੰ 377 ਅੰਕ ਤੋਂ ਅੱਗੇ 378, 379, 380 ਆਦਿ ਅੰਕ ਦੇਣ ਦੀ ਥਾਂ, ਆਪਣੇ ਕੋਲੋਂ ਹੀ ਇਕ, ਦੋ, ਤਿੰਨ ਅੰਕਾਂ ਨਾਲ ਆਰੰਭ ਕਰਨਾ ਜਾਂ ਮੁੱਢ ਵਿਚ ੧ੴ ਵਾਹਿਗੁਰੂ ਜੀ ਫਤਹਿ, ਸ੍ਰੀ ਮੁਖ ਵਾਕ ਪਾਤਸ਼ਾਹੀ 10 ਪਾਉਣਾ, ਸਾਡਾ ਨ ਕੇਵਲ ਆਪਣੇ ਆਪ ਤੇ ਦੁਨੀਆਂ ਨੂੰ ਧੋਖਾ ਦੇਣ ਦਾ ਨਿਰਾਰਥ ਯਤਨ ਕਰਨਾ ਹੈ, ਸਗੋਂ ਦਸਮ ਗ੍ਰੰਥ ਦੀ ਅਸਲ ਲਿਖਤ ਵਿਚ ਬਦਲੀ ਕਰਕੇ ਸਹਾਫਤੀ ਬੇਈਮਾਨੀ ਕਰਨੀ ਵੀ। ਚਰਿਤ੍ਰੋ ਪਖਯਾਨ ਦੇ 580 ਕੁ ਪੰਨਿਆਂ ਵਾਲੇ ਗ੍ਰੰਥ ਦੇ ਅੰਤਲੇ ਚਰਿੱਤਰ ਨੰਬਰ 405 ਦੇ ਖਾਤਮੇ ਉਤੇ ਲਿਪੀ ਇਹ ਲਿਖਤ ਕਿਸੇ ਨੂੰ ਮਨਮਰਜ਼ੀ ਨਹੀਂ ਕਰਨ ਦੇਂਦੀ :-

"ਭਾਦ੍ਰਵ ਸੁਧੀ ਅਸਟਮੀ ਰਵਿ ਵਾਰਾ॥ ਤੀਰ ਸਤੁਦ੍ਰਵ ਗਰੰਥ ਸੁਧਾਰਾ॥ (405) ਇਤਿ ਸ੍ਰੀ ਚਰਿਤ੍ਰ ਪਾਖਯਾਨੇ ਤ੍ਰਿਯਾ ਚਰਿਤ੍ਰ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਪਾਂਚ (405) ਚਰਿਤ੍ਰ ਸਮਾਪਤਮ ਸਤ ਸੁਭਮਸਤੁ॥ 405॥ 7555 ਫੰਜੂ॥

(ਨੋਟ : ਇਨ੍ਹਾਂ ਕਾਮਕ ਤੇ ਅਸ਼ਲੀਲ ਚਿਤ੍ਰਾਂ ਦਾ ਸ਼ਾਤਕ ਲਿਖਾਰੀ ਇਸ ਰਚਨਾ ਨੂੰ 'ਸ੍ਰੀ ਚਰਿਤ੍ਰ ਪਖਿਯਾਨੇ" ਜਹੇ ਸ਼ਬਦਾਂ ਨਾਲ ਸਤਿਕਾਰਦਾ ਹੈ। ਕੀ ਸ੍ਰੀ ਦਸ਼ਮੇਸ ਜੀ ਐਸੀ ਕੋਕ-ਸ਼ਬਦਾਵਲੀ ਵਾਲੀ ਅਸਭਯ ਰਚਨਾ ਨੂੰ 'ਸ੍ਰੀ' ਸ਼ਬਦ ਨਾਲ ਸਨਮਾਨਤ ਕਰ ਸਕਦੇ ਸਨ।

ਇਕ ਅਹਿਮ ਨੁਕਤਾ ਹੋਰ

ਜਿਹੜੇ ਸੱਜਣ ਸਾਰੇ ਦਸਮ ਗ੍ਰੰਥ ਨੂੰ ਸ੍ਰੀ ਦਸਮੇਸ਼ ਜੀ ਕ੍ਰਿਤ ਵੀ ਮੰਨਦੇ ਅਤੇ ਨਾਲ ਹੀ ਕਬਯੋਬਾਚ ਬੇਨਤੀ ਚੌਪਈ ਨੂੰ ਅੰਤਲੇ ਚਰਿਤ੍ਰ ਨੰਬਰ 405 (404) ਨਾਲੋਂ ਵੱਖਰੀ, ਸੁਤੰਤਰ ਰਚਨਾ ਦੱਸਣ ਦੀ ਸੌ ਫੀਸਦੀ ਨਾਕਾਮ (ਅਸਫਲ) ਕੋਸ਼ਿਸ਼ ਕਰਦੇ ਹਨ, ਉਹ ਅਸਲ ਵਿਚ ਇਕ ਤਰ੍ਹਾਂ ਨਾਲ ਆਪੇ ਹੀ ਸਾਬਤ ਕਰ ਦਿੰਦੇ ਹਨ ਕਿ "ਚਰਿਤ੍ਰੋ ਪਾਖਿਯਾਨ" ਗੁਰੂ ਜੀ ਦੀ ਆਪਣੀ ਰਚਨਾ ਨਹੀਂ। ਵਰਨਾ, ਉਹ ਇਸ ਚੌਪਈ ਨੂੰ ਚਰਿਤ੍ਰੋ ਪਾਖਿਯਾਨ ਨਾਲੋਂ ਵੱਖਰਾ ਮੰਨਣ ਤੇ ਦੱਸਣ ਦਾ ਨਿਰਾਰਥ ਯਤਨ ਕਿਉਂ ਕਰਨ? ਉਨ੍ਹਾਂ ਦਾ ਘਬਰਾਹਟ ਤੇ ਡਰ ਵਿਚ ਐਸੀਆਂ ਕੱਚੀਆਂ ਦਲੀਲਾਂ ਘੜਨੀਆਂ, "ਉਜ਼ਰਿ ਗੁਨਾਹ, ਬਦਤਰ ਅਜ਼ ਗੁਨਾਹ" ਭਾਵ-ਗੁਨਾਹ ਤੋਂ ਇਨਕਾਰ, ਗੁਨਾਹ ਨਾਲੋਂ ਵੀ ਮਾੜਾ - ਵਾਲਾ ਸੱਚ ਹੈ।

ਇਕ ਉਦਾਹਰਣ ਹੋਰ

ਮਾਸਿਕ ਪੱਤਰ, "ਸਿੰਘ ਸਭਾ ਪਤ੍ਰਕਾ" ਜੂਨ 1987 ਦੇ ਸਰਵਰਕ ਉਤੇ ਕਬਯੋਬਾਚ ਬੇਨਤੀ ਚੌਪਈ ਦੇ ਪਹਿਲੇ ਚਾਰ ਪਦੇ "ਹਮਰੀ ਕਰੋ ਹਾਥ ਦੇ ਰੱਛਾ" ਦਾ ਮੂਲ ਪਾਠ ਛਾਪ ਕੇ, ਤੇ ਇਨ੍ਹਾਂ ਨੂੰ 1, 2, 3, 4, ਦੀ ਗਿਣਤੀ ਦੇ ਕੇ ਹੇਠਾਂ ਨੋਟ ਦਿੱਤਾ ਹੈ ਕਿ "ਇਤਿਹਾਸਕ ਬਿਰਤਾਂਤ ਹੈ ਕਿ ਇਸ ਚੌਪਈ ਦੀ ਰਚਨਾ ਉਦੋਂ ਹੋਈ ਸੀ ਜਦੋਂ ਔਰੰਗਜ਼ੇਬ ਨੇ 'ਸ਼ਾਹਪੂਤ' ਆਪਣੇ ਪੁੱਤਰ ਬਹਾਦਰ ਸ਼ਾਹ ਨੂੰ ਅਨੰਦਪੁਰ ਸਾਹਿਬ ਨੂੰ ਢਾਹ ਢੇਰੀ ਕਰਨ ਲਈ ਭੇਜਿਆ ਸੀ, ਬਹਾਦਰ ਸ਼ਾਹ ਦੂਜੇ ਰਸਤੇ ਸਿੰਧ ਮੁਲਤਾਨ ਚਲਿਆ ਗਿਆ ਸੀ। ਅਕਾਲ ਪੁਰਖ, ਬਿਖੜੇ ਸਮੇਂ ਆਪਣੇ ਪੰਥ ਦੇ ਸਹਾਈ ਹੋਏ। ਇਹ ਅਰਦਾਸ ਸਮੂਹ ਸਿੱਖਾਂ ਨੂੰ ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਕਰਨ ਦੀ ਲੋੜ ਹੈ।"

"ਸਿੰਘ ਸਭਾ ਪਤ੍ਰਿਕਾ" ਦੇ ਵਿਦਵਾਨ ਸੰਪਾਦਕ ਜੀ ਨੇ ਬਿਨਾਂ ਖੋਜ ਕੀਤੇ ਆਪਣੀ ਕਲਪਨਾ ਵਿਚੋਂ ਹੀ ਇਹ ਬੇਬੁਨਿਆਦ ਗੱਲ ਆਖ ਕੇ ਨਿਰਾ ਲੂਣ ਦਾ ਪਿੰਨਾਂ ਥੱਪਣ ਦਾ ਯਤਨ ਕੀਤਾ ਹੈ। ਬੇਨਤੀ ਚੌਪਈ ਦਾ ਰਚਨਾ ਕਾਲ ਇਸ ਦੇ ਅੰਤ ਵਿਚ ਭਾਦ੍ਰੋਂ, ਸੰਮਤ 1753 (ਸੰਨ 1696) ਹੈ। ਸਾਕੀ

ਮੁਸਤਅਦੀਨ ਨੇ ਔਰੰਗਜ਼ੇਬ ਦਾ ਰੋਜ਼ਨਾਮਚਾ-ਮੁਆਸਰੇ-ਆਲਮਗੀਰੀ ਲਿਖਿਆ ਹੈ, ਜਿਸ ਦਾ ਉਲਥਾ ਜਾਦੂ ਨਾਥ ਸਰਕਾਰ ਨੇ ਅੰਗਰੇਜ਼ੀ ਵਿਚ ਕੀਤਾ ਹੈ ਅਤੇ "ਕਲਕੱਤਾ ਰਾਇਲ ਏਸ਼ੀਐਟਿਕ ਸੁਸਾਇਟੀ" ਬੰਗਾਲ ਨੇ ਸੰਨ 1947 ਈਸਵੀ ਵਿਚ ਛਾਪਿਆ, ਇਨ੍ਹਾਂ ਘਟਨਾਵਾਂ ਨੂੰ ਇਉਂ ਬਿਆਨਦਾ ਹੈ :-

(ੳ) ਬਾਦਸ਼ਾਹ ਨੇ ਨਰਾਜ਼ ਹੋ ਕੇ ਬਹਾਦਰ ਸ਼ਾਹ ਨੂੰ 28-8-1686 ਨੂੰ ਗ੍ਰਿਫਤਾਰ ਕੀਤਾ ਅਤੇ 5 ਸਾਲ ਦੀ ਕੈਦ ਉਪਰੰਤ 20 ਜੁਲਾਈ, 1691 ਨੂੰ ਰਿਹਾ ਕੀਤਾ। ਬਾਦਸ਼ਾਹ ਦੇ ਹੁਕਮ ਅਨੁਸਾਰ ਬਹਾਦਰ ਸ਼ਾਹ ਸ਼ੁੱਕਰਵਾਰ 2 ਜਨਵਰੀ, 1696 (ਸੰਮਤ 1753) ਨੂੰ ਬਤੌਰ ਗਵਰਨਰ ਮੁਲਤਾਨ ਵੱਲ ਰਵਾਨਾ ਹੋਇਆ। (ਪੰਜਾਬ ਨੂੰ ਆਉਂਦਾ ਮੁਲਤਾਨ ਵੱਲ ਨਹੀਂ ਮੁੜਿਆ। ਹੁਕਮ ਸਿੱਧਾ ਮੁਲਤਾਨ ਜਾਣ ਦਾ ਸੀ।) 28 ਅਪ੍ਰੈਲ, 1698 (ਸੰਮਤ 1755) ਕਾਬਲ ਦੀ ਗਵਰਨਰੀ ਦਾ ਚਾਰਜ ਲਿਆ। (ਰੋਜ਼ਨਾਮਚਾ ਪੰਨਾ 240), ਬਾਦਸ਼ਾਹ ਨੇ 31-1-1700 (ਸੰਮਤ 1757) ਨੂੰ ਲਾਹੌਰ (ਪੰਜਾਬ) ਦੀ ਗਵਰਨਰੀ ਸ਼ਹਿਜ਼ਾਦੇ ਨੂੰ ਸੌਂਪੀ। (ਪੰਨਾ 255) 9-9-1705 (ਸੰਮਤ 1762) ਨੂੰ ਜਬਰਦਸਤ ਖਾਨ ਦੀ ਥਾਂ ਸ਼ਹਿਜ਼ਾਦੇ ਨੂੰ ਪੰਜਾਬ ਦੀ ਗਵਰਨਰੀ ਦਿੱਤੀ। (ਪੰਨਾ 295)

ਨੋਟ : ਹਾਂ 'ਬਿਚਿਤ੍ਰ ਨਾਟਕ' ਵਿਚ ਇਨਾਂ ਕੁ ਜ਼ਿਕਰ ਹੈ ਕਿ - "ਤੱਬ ਅਉਰੰਗ ਮਨ ਮਾਹਿ ਰਿਸਾਵਾ। ਮਦ੍ਰ ਦੇਸ ਕੋ ਪੂਤ ਪਠਾਵਾ। ... ਤਬ ਅਉਰੰਗ ਮਨ ਮਾਂਝ ਰਿਸਾਏ। ਏਕ ਅਹਦੀਆ ਈਹਾਂ ਪਠਾਏ।"

ਪਰਖ : ਉਪਰੋਕਤ ਹਵਾਲੇ ਤੋਂ ਇਹ ਪਤਾ ਨਹੀਂ ਲਗਦਾ ਕਿ ਸ਼ਹਿਜ਼ਾਦਾ ਮੁਅਜ਼ਮ ਕਿਸ ਸੰਮਤ, ਤਰੀਕ ਪੰਜਾਬ ਪੁੱਜਾ। ਹਾਂ ਅਹਦੀਆ (ਦੂਤ) ਭੇਜਣ ਤੋਂ ਜਾਪਦਾ ਹੈ ਕਿ ਸ੍ਰੀ ਆਨੰਦਪੁਰ ਦੇ ਯੁੱਧ ਦਾ ਸਮਾਂ 1761 ਸੰਮਤ ਸੀ। ਪਰ ਬੇਨਤੀ ਚੌਪਈ ਦਾ ਰਚਨਾ ਕਾਲ ਤਾਂ ਸੰਮਤ 1753 ਭਾਦਰੋਂ ਹੈ। ਉਪਰੋਕਤ ਅਕੱਟ ਇਤਿਹਾਸਕ ਗਵਾਹੀ ਦੇ ਹੁੰਦਿਆ, ਕਿਸੇ ਦਾ ਝੂਠ ਮੂਠ ਆਪਣੇ ਪਾਸੋਂ ਹੀ ਇਹ ਗੱਲ ਘੜ ਲੈਣੀ ਕਿ ਸ਼ਹਿਜ਼ਾਦਾ ਪੰਜਾਬ ਆਉਂਦਾ ਮੁਲਤਾਨ ਮੁੜ ਗਿਆ ਸੀ, ਕਿਤਨੀ ਅਨੁਚਿੱਤ ਤੇ ਭੰਬਲਭੂਸੇ ਪਾਉਣ ਵਾਲੀ ਹਰਕਤ ਹੈ, ਪਾਠਕ ਜੀ ਆਪ ਹੀ ਅੰਦਾਜ਼ਾ ਲਾ ਲੈਣ। ਦੂਜੇ ਔਰੰਗਜ਼ੇਬ ਇਤਨਾ ਸਖ਼ਤ ਸੀ ਕਿ ਹੁਣੇ ਹੁਣੇ ਕੈਦੋਂ ਰਿਹਾ ਹੋਇਆ ਸ਼ਹਿਜ਼ਾਦਾ ਆਪਣੇ ਪਿਤਾ ਦੀ ਹੁਕਮ ਅਦੂਲੀ ਕਰਨ ਦੀ ਦਲੇਰੀ ਕਿਵੇਂ ਕਰ ਸਕਦਾ ਸੀ। ਸਭ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਇਹ "ਚੌਪਈ" ਜਿਵੇਂ ਤੇ ਜਿੰਨੀ ਪੰਥ ਪ੍ਰਵਾਣਿਤ ਸ਼੍ਰੋਮਣੀ ਕਮੇਟੀ ਦੀ ਰਹਿਤ ਮਰਯਾਦਾ ਵਿਚ ਦਰਜ ਹੈ, ਉਵੇਂ ਹੀ ਪੜ੍ਹੋ, ਪਰ ਇਸ ਨਾਲ ਨਵੀਆਂ ਨਵੀਆਂ ਬੇ-ਬੁਨਿਆਦ ਕਥਾਵਾਂ ਨਾ ਜੋੜੋ, ਅਤੇ ਨਾ ਹੀ ਇਸ ਵਿਚ ਆਪਣੇ ਕੋਲੋਂ ਵਾਧੇ ਘਾਟੇ ਕਰਕੇ ਸੰਸਾਰ ਦੇ ਵਿਦਵਾਨ ਖੋਜੀਆਂ ਮੂਹਰੇ ਹਾਸੋ ਹੀਣੇ ਬਣੋ ਅਥਵਾ ਨਾਨਕ

ਨਿਰਮਲ ਪੰਥ ਨੂੰ ਕੁੜਿਕੀ ਵਿਚ ਫਸਾਵੋ, ਇਉਂ ਕਰਨਾ ਕੁਸੇਵਾ ਹੈ ਸੇਵਾ ਨਹੀਂ।

ਗੁਰੂ ਸਾਹਿਬ ਦੀ ਕਥਨੀ ਤੇ ਕਰਨੀ ਸਮਾਨ ਸੀ। ਉਨ੍ਹਾਂ ਨੇ ਜੋ ਕਿਹਾ ਉਹ ਕੀਤਾ, ਉਹੀ ਉਪਦੇਸ਼ਿਆ। ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਸੁਗਿਆਨ ਦੀ ਹੋਂਦ ਤੇ ਸੰਭਵਤਾ ਹੀ ਉਥੇ ਮੰਨਦੇ ਹਨ, ਜਿਥੇ ਕਰਨੀ (ਅਮਲ) ਦੀ ਪ੍ਰਧਾਨਤਾ ਹੋਵੇ। ਫੁਰਮਾਨ ਹੈ :

ਜਹ ਕਰਣੀ ਤਹ ਪੂਰੀ ਮਤਿ॥
ਕਰਣੀ ਬਾਝਹੁ ਘਟੇ ਘਟਿ॥ (ਪੰ. 25)

ਜਿਸ "ਇਕ ਓਅੰਕਾਰੀ ਜੋਤਿ ਦੇ, ਆਦਿ ਗੁਰੂ ਜੀ ਪਹਿਲੇ ਜਾਮੇ ਵਿਚ ਆਸ਼ਕ ਤੇ ਉਪਾਸ਼ਕ ਸਨ, ਉਸੇ ਜਾਗਤੀ ਜੋਤਿ ਦੇ ਆਪ ਜੀ ਦਸਵੇਂ ਜਾਮੇ ਵਿਚ ਵੀ ਪੂਜਕ ਸਨ। ਜੇ ਪਹਿਲੇ ਗੁਰੂ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਵਿਚ ਕਲਪਤ ਦੇਵੀ, ਦੇਵਤਿਆਂ ਤੇ ਅਵਤਾਰ ਵਾਦ ਦਾ ਸਪੱਸ਼ਟ ਖੰਡਨ ਕਰਦੇ ਹਨ ਤਾਂ ਸ੍ਰੀ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਇਹ ਦੇਵੀ ਪੂਜਾ ਤੇ ਪ੍ਰਸੰਸਾ ਕਿਵੇਂ ਜੋੜੀ ਜਾ ਸਕਦੀ ਹੈ? "ਪ੍ਰਣਵੋ ਆਦਿ ਏਕੰਕਾਰਾ" ਅਤੇ "ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨਿ ਨੈਕ ਨ ਆਨੈ..." ਦਾ ਨਾਅਰਾ ਬੁਲੰਦ ਕਰਨ ਵਾਲੇ "ਹੱਕ ਹੱਕ ਆਦੇਸ਼" ਸਤਿਗੁਰੂ ਦੇ ਪਾਵਨ ਨਾਮ ਨਾਲ ਨਿਮਨਲਿਖਤਾਂ ਜੋੜਨ ਦਾ ਸੁਪਨਾ ਵੀ ਲਿਆ ਜਾ ਸਕਦਾ ਹੈ, ਅਤੇ ਉਹ ਵੀ ਗੁਰੂ ਜੀ ਦੇ ਨਾਮ-ਲੇਵਾ ਸਿੱਖ ਵਿਦਵਾਨਾਂ ਤੇ ਗੁਰਮਤਿ ਦੇ ਪ੍ਰਚਾਰ ਦਾ ਦਾਅਵਾ ਕਰਨ ਵਾਲਿਆਂ ਵਲੋਂ?

ੳ) ਦੋਹਰਾ : ਰੇ ਮਨ, ਭਜ ਤੂ ਸ਼ਾਰਦਾ ਅਨਗਨ ਗੁਣ ਹੈ ਜਾਹਿ।
ਰਚੋਂ ਗ੍ਰੰਥ ਭਾਗਵਤ, ਜੋ ਵਹਿ (ਸ਼ਾਰਦਾ ਦੇਵੀ) ਕ੍ਰਿਪਾ ਕਰਾਹਿ।

(ਭਾਵਾਰਥ - ਜੋ ਸਾਰੇ 'ਦਸਮ ਗ੍ਰੰਥ' ਨੂੰ ਸ੍ਰੀ ਦਸ਼ਮੇਸ਼ ਜੀ ਕ੍ਰਿਤ ਮੰਨਦੇ ਹਨ, ਉਹਨਾਂ ਅਨੁਸਾਰ ਅਰਥ ਹੋਣਗੇ : ਗ੍ਰੰਥ ਕਰਤਾ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਆਪਣੇ ਮਨ ਨੂੰ ਪ੍ਰੇਰਨਾ ਦਿੰਦੇ ਹਨ ਕਿ ਹੇ ਮੇਰੇ ਮਨ ਤੂੰ ਸ਼ਾਰਦਾ, ਜੋ ਪੁਰਾਣਾ ਅਨੁਸਾਰ ਵਿੱਦਿਆ ਤੇ ਕਲਾ ਦੀ ਦੇਵੀ ਮੰਨੀ ਜਾਂਦੀ ਹੈ। ਉਸ ਨੂੰ ਆਦਿ ਸ਼ਕਤੀ ਵਜੋਂ ਪੂਜ, ਤਾਂ ਜੋ ਉਸਦੀ ਕ੍ਰਿਪਾ ਨਾਲ ਭਾਗਵਤ (ਕ੍ਰਿਸ਼ਨਾਵਤਾਰ) ਦਾ ਗ੍ਰੰਥ ਰਚਿਆ ਜਾ ਸਕੇ)

ਹੁਣ ਦੱਸੋ, ਐਸੀ ਸੂਰਤ ਵਿਚ ੧ੴ ਸਤਿਨਾਮ.... ਜੋ ਗਿਆਨ ਰਤਨਾਵਲੀ ਭਾਈ ਮਨੀ ਸਿੰਘ ਅਨੁਸਾਰ ਗੁਰਮਤਿ ਦਾ "ਆਦਿ ਕਾ ਇਸ਼ਟ ਮੰਗਲ ਹੈ", ਉਸਦਾ ਕੀ ਬਣੂੰ?

ਅ) ਹੋਰ ਵਾਚੋ ਕ੍ਰਿਸ਼ਨਾਵਤਾਰ ਦੇ ਅੱਠਵੇਂ ਛੰਦ ਵਿਚ ਕਵੀ ਵਲੋਂ ਬਿਆਨੀ, ਪਾਰਬਤੀ ਦੇਵੀ ਦੀ "ਗਰੀਬ ਨਿਵਾਜੀ" ਤੇ ਭਗਤਾਂ ਨੂੰ ਵਰ ਦੇਣ ਦੀ ਸ਼ਕਤੀ ਅਤੇ ਦੱਸੋ ਕਿ ਅਕਾਲ ਪੁਰਖ ਜਾਗਦੀ ਜੋਤਿ ਨੂੰ ਛੱਡ

ਕੇ ਇਕ ਕਲਪਤ ਦੇਵੀ ਅੱਗੇ ਲਿਲਕੜੀਆਂ ਲੈਣ ਵਾਲਾ ਕਵੀ, ਕਦੀ ਦਸਵਾਂ ਪਾਤਿਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ (ਦਸਵਾਂ ਨਾਨਕ) ਹੋ ਸਕਦਾ ਹੈ ? :-

ਸਵੈਯਾ :

ਅਦਸਤਾ ਹੂੰ ਕੀ ਜੋ ਤਨਯਾ (ਪਾਰਬਤੀ) ਮਹਿਖਾਸੁਰ ਕੀਤਾ ਮਰਤਾ ਫੁਨ ਜੋਊ ॥
ਇੰਦ੍ਰ ਕੋ ਰਾਜਹਿ ਕੀ ਦਵੱਯਾ, ਕਰਤਾ ਬੱਧ ਸੁੰਭ ਨਿਸੰਭਹਿ ਦੋਊ ॥
ਜੋ ਜਪ ਕੇ ਸੇਵ ਕਰੈ, ਬਰ ਕੋਸੁ ਲਹੈ, ਮਨ ਇੱਛਤ ਸੋਊ ॥
ਲੋਕ ਬਿਖੈ ਉਸ ਕੀ ਸਮਤੁਲ, ਗਰੀਬ-ਨਿਵਾਜ ਨ ਦੂਸਰ ਕੋਊ ॥

ਐ, ਸਿੱਖ ਨੁਮਾ ਦੇਵੀ ਭਗਤੋ ! ਸੀਨੇ ਉਤੇ ਹੱਥ ਰੱਖ ਕੇ ਦੱਸੋ ਕਿ ਕੀ ਇਹ ਸਵੈਯਾ ਉਸੇ 'ਜਾਗਤ ਜੋਤਿ' ਤੇ 'ਨਮਸਤੰ ਅਕਾਲੇ' ਕਹਿਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ, ਜੋ "ਇਕੋ ਸਾਹਿਬ" ਅਥਵਾ "੧ਓ" ਦੇ ਪੁਜਾਰੀ ਤੇ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਹਨ ?

ਕ੍ਰਿਸ਼ਨਾਵਤਾਰ ਦੇ ਅੰਤ ਵਿਚ ਪੰਜ ਛੇ ਵੇਰ, ਸਪੱਸ਼ਟ ਲਿਖਤ ਹੈ ਕਿ ਇਸ ਰਚਨਾ ਦਾ ਲਿਖਾਰੀ "ਸਯਾਮ" ਕਵੀ ਹੈ। ਪਰ ਜਿਨ੍ਹਾਂ ਨੇ ਸੌਂਹ ਖਾਧੀ ਹੈ ਕਿ ਦੇਵੀ ਭਗਤ ਬਣਾ ਕੇ, ਸ੍ਰੀ ਦਸਮੇਸ਼ ਜੀ ਨੂੰ ਹਰ ਹਾਲਤ ਵਿਚ ਇਸ ਰਚਨਾ ਨਾਲ ਜੋੜਨਾ ਹੈ ਉਹ ਇਹ ਦਲੀਲ ਢਕਵੰਜ ਰਚ ਲੈਂਦੇ ਹਨ ਕਿ ਮਾਤਾ ਗੁਜਰੀ ਜੀ ਸਯਾਮ ਨਾਮ ਨਾਲ ਗੁਰੂ ਜੀ ਨੂੰ ਪੁਕਾਰਦੇ ਸਨ, ਕਿਉਂਕਿ ਉਨ੍ਹਾਂ ਦੇ ਸਹੁਰਾ ਜੀ ਦੇ ਨਾਮ "ਹਰਿਗੋਬਿੰਦ" ਵਿਚ ਗੋਬਿੰਦ ਪਦ ਆਉਂਦਾ ਹੈ, ਜੋ ਹਿੰਦੂ ਰੀਤੀ ਅਨੁਸਾਰ ਪੁਕਾਰਨਾ ਅਨੁਚਿਤ ਹੈ। ਪੁਛਿਆ ਜਾ ਸਕਦਾ ਹੈ ਕਿ ਕੀ ਬਾਲਕ ਗੋਬਿੰਦ ਜੀ ਦਾ ਨਾਮ ਰੱਖਣ ਵੇਲੇ ਮਾਤਾ ਜੀ ਨੂੰ ਇਹ ਜਾਣਕਾਰੀ ਨਹੀਂ ਸੀ ? ਦੂਜੇ "ਰੋਪੜ" ਦਾ ਸਯਾਮ ਕਵੀ ਗੁਰੂ ਜੀ ਦੇ 52 ਕਵੀਆਂ ਵਿਚ ਸੀ ਅਤੇ ਉਸਦੀਆਂ ਰਚਨਾਵਾਂ ਵੀ ਹਨ। ਉਹ ਸ਼ਕਤੀ (ਦੇਵੀ) ਅਥਵਾ ਮਹਾਂਕਾਲ ਦਾ ਪੁਜਾਰੀ ਵੀ ਸੀ।

ਸ਼੍ਰੋਮਣੀ ਕਮੇਟੀ ਦੀ ਪੰਥ ਪ੍ਰਵਾਣਤ "ਰਹਿਤ ਮਰਯਾਦਾ" ਦਾ ਵਿਰੋਧ ਕਰਨ ਵਾਲੇ ਇਸ ਦੇ ਖੰਡਨ ਵਿਚ ਕਿਥੋਂ ਤੱਕ ਗੁਰੂ ਸਿਧਾਂਤ ਦੀ ਵਿਰੋਧਤਾ ਕਰ ਸਕਦੇ ਹਨ, ਸੰਖੇਪਤਾ ਹਿੱਤ ਕੇਵਲ ਇਕ ਉਦਾਹਰਣ ਹੋਰ ਪੇਸ਼ ਕਰਨ ਦੀ ਖੁੱਲ੍ਹ ਲੈਂਦਾ ਹਾਂ :

"ਚੰਡੀ ਚਰਿਤ੍ਰ" (ਉਕਤ ਬਿਲਾਸ) ਵਿਚ ਜ਼ਿਕਰ ਹੈ ਕਿ ਤ੍ਰੇਤਾ ਜੁੱਗ ਦੇ ਆਰੰਭ ਵਿਚ ਮਹਿਖਾਸੁਰ ਦੈਂਤ ਨੇ 45 ਪਦਮ (4 ਕਰੋੜ 50 ਲੱਖ ਅਰਬ) ਕੁੱਤਿਆਂ, ਬਿੱਲਿਆਂ ਤੇ ਦੈਂਤਾਂ ਆਦਿ ਦੀ ਫੌਜ ਨਾਲ, ਇੰਦਰ ਨੂੰ ਦੇਵਤਿਆਂ ਸਮੇਤ ਸਵਰਗੋਂ ਕੱਢ ਦਿੱਤਾ। ਦੇਵਤਿਆਂ ਦੀ ਪੁਕਾਰ ਉਤੇ ਪਾਰਬਤੀ ਦੇਵੀ ਕੈਲਾਸ਼ ਪਰਬਤ ਤੋਂ "ਚੰਡਿਕਾ" ਦਾ ਰੂਪ ਧਾਰ ਕੇ ਟਾਕਰੇ ਲਈ ਆਈ ਤੇ ਇਕੱਲੀ ਨੇ ਅਰਬਾਂ ਖਰਬਾਂ ਦੈਤਾਂ ਨੂੰ ਮਾਰ ਮੁਕਾਇਆ। (ਪਤਾ ਨਹੀਂ,

ਵਰਤਮਾਨ ਦੇ ਕਲਜੁਗੀ ਦੈਤਾਂ ਨੂੰ ਮਾਰ ਮੁਕਾਣ ਹਿੱਤ ਉਹ ਫੇਰ ਪ੍ਰਗਟ ਕਿਉਂ ਨਹੀਂ ਹੁੰਦੀ?) ਉਪਰੰਤ ਅਪਸਰਾ ਨਾਲ ਐਸ਼ ਆਰਾਮ ਕਰਨ ਹਿੱਤ, ਸੁਰਗ ਦਾ ਰਾਜ ਇੰਦਰ ਨੂੰ ਬਹਾਲ ਕੀਤਾ। ਚੇਤੇ ਰਹੇ ਕਿ ਮਹੇਂ ਦੇ ਸਿਰ ਵਾਲੇ, ਮਹਿਖਾਸੁਰ ਦੈਂਤ ਦੀ ਫੌਜ ਦੀ ਗਿਣਤੀ ਦੁਨੀਆਂ ਦੀ ਵਰਤਮਾਨ ਆਬਾਦੀ (5-5½ ਅਰਬ) ਨਾਲੋਂ ਕਰੋੜਾਂ ਗੁਣਾਂ ਵਧ ਬਣਦੀ ਹੈ। ਸ਼ਿਵਾ ਦੇਵੀ, ਜਿਤ ਉਪਰੰਤ, ਅਲੋਪ ਹੋ ਕੇ ਕੈਲਾਸ਼ ਪਰਬਤ ਉਤੇ ਫਿਰ ਆਪਣੇ ਪਤੀ ਸ਼ਿਵ ਜੀ ਪਾਸ ਜਾ ਬਿਰਾਜਦੀ ਹੈ, ਇਹ ਮੂਲੋਂ ਹੀ ਨਿਰਾਧਾਰ ਹੈ, ਜਿਤ ਉਪਰੰਤ ਦੇਵਤਿਆਂ ਨੇ ਇਸ ਪ੍ਰਕਾਰ ਚੰਡੀ ਦੇਵੀ ਦੀ ਜੈ ਜੈਕਾਰ ਕੀਤੀ, ਯੱਗ ਕੀਤਾ ਤੇ ਵੇਦ-ਮੰਤਰ ਪੜ੍ਹੇ :-

(ੳ) ਯਾਂ ਤੇ ਪ੍ਰਸੰਨ ਭਏ ਹੈਂ ਮਹਾਮੁਨ ਦੇਵਨ ਕੇ ਤੱਪ ਮੈਂ ਸੁਖ ਪਾਵੈਂ॥
ਜੱਗ ਕਰੈਂ, ਅਰ ਬੇਦ ਰਹੈਂ, ਭਵ ਤਾਪ ਹਰੇ ਮਿਲਿ ਧਿਆਨਹਿ ਲਾਵੈਂ॥
ਝਾਲਰ ਤਾਲ ਮ੍ਰਿਦੰਗ ਉਪੰਗ, ਰਬਾਬ ਲੀਏ ਸੁਰ ਸਾਜ ਮਿਲਾਵੈਂ॥
ਕਿੰਨਰ ਗੰਧ੍ਰਬ ਗਾਨ ਕਰੈਂ, ਗਨਿ ਜੱਛ ਅਪੱਛਰ ਨਿਰਤ ਦਿਖਾਵੈਂ॥
(ਛੰਦ 52 ਧਿਆਇ 3)

(ਅ) ਸੰਖਨ ਕੀ ਧੁਨਿ, ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈ॥
ਆਰਤੀ ਕੋਟ ਕਰੈ ਸੁਰ ਸੁੰਦਰ, ਪੇਖ ਪੁਰੰਦਰ ਕੇ ਬਲ ਜਾਵੈ॥
ਦਾਨ ਭੱਛਨ ਦੈ ਕੇ ਪ੍ਰਦੱਛਨ, ਭਾਲ ਮੈਂ ਕੁੰਕਮ ਅੱਛਤ ਲਾਵੈ॥
ਹੋਤ ਕੁਲਾਹਲ ਦੇਵ ਪੁਰੀ ਮਿਲਿ ਦੇਵ ਕੇ ਕੁਲਿ ਮੰਗਲ ਗਾਵੈ॥
(ਅੰਕ 44 ਧਿਆਇ 3)

(ੲ) ਜਾਹਿ ਨਮਿਤ ਪੜੈ ਸੁਨਹਿ ਨਰ,
ਸੋ ਨਿਸਚੈ ਕਰਿ ਤਾਹਿ ਦਈ ਹੈ॥
(ਅੰਕ 232)

(ਭਾਵ ਇਹ ਹੈ ਕਿ ਜੋ ਚੰਡੀ ਚਰਿਤ੍ਰ ਨੂੰ ਪੜਹਿ ਜਾਂ ਸੁਨਹਿ ਤਾਂ ਉਸ ਨੂੰ ਨਿਸ਼ਚੇ ਹੀ ਸਾਰੇ ਫਲ ਪ੍ਰਾਪਤ ਹੋਣਗੇ।)

ਪਰਖ : ਸਾਡੇ ਭੋਲੇ ਭਾਲੇ ਸਿੱਖ ਵੀਰ, ਅਤੇ ਵਿਸ਼ੇਸ਼ ਕਰਕੇ ਸਿੱਖ ਡੇਰਿਆਂ ਤੇ ਚੇਲਿਆਂ ਬਾਲਿਆਂ ਵਾਲੇ (ਸ਼੍ਰੋਮਣੀ ਕਮੇਟੀ ਵਾਲੀ ਰਹਿਤ ਮਰਯਾਦਾ ਨਾਲ ਪੈਰ ਪੈਰ ਉਤੇ ਮਤਭੇਦ ਰੱਖਣ ਵਾਲੇ) ਸੰਤ, ਮਹੰਤ ਆਦਿ ਜੋ ਛੈਣਿਆਂ, ਚਿਮਟਿਆਂ ਤੇ ਖੜਤਾਲਾਂ ਆਦਿ ਦੇ ਘਨਘੋਰ ਸ਼ੋਰ ਵਿਚ ਝੂਮ ਝੂਮ, ਲਹਿਰਾ ਲਹਿਰਾ, ਉਪਰੋਕਤ ਗੁਰਮਤਿ ਨਾਲੋਂ ਕਤਅਨ ਅਸੰਗਤ ਸਵੈਯਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੜ੍ਹਦੇ ਅਤੇ ਗੁਰਮਤਿ ਅਨੁਸਾਰ ਗੁਰਬਾਣੀ ਵਿਚ ਦੱਸੀ "ਆਰਤੀ" ਦਾ ਮਜ਼ਾਕ ਉਡਾਉਂਦੇ ਹਨ। ਕੁਝ "ਭੱਦਰ ਪੁਰਸ਼" ਤਾਂ ਨਾਲ ਮਨਮੱਤ ਅਨੁਸਾਰ, ਥਾਲ ਵਿਚ ਜਗਦੇ ਦੀਵੇ ਰੱਖ ਕੇ, ਨਾਲ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ "ਗਗਨ ਮੈ ਥਾਲ"

ਰੱਖ ਕੇ, ਨਾਲ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ "ਗਗਨ ਮੈ ਥਾਲ" ਵਾਲਾ ਸ਼ਬਦ ਵੀ ਪੜ੍ਹਨ ਦੀ ਦੀਦਾ ਦਲੇਰੀ ਤੇ ਬੇਅਦਵੀ ਵੀ ਕਰਦੇ ਹਨ। ਭੋਲੀਆਂ ਭਾਲੀਆਂ ਹਾਜ਼ਰ ਸੰਗਤਾਂ ਸਿਰ ਸੁੱਟੀ ਮੰਤ੍ਰ ਮੁਗਧ ਹੋ ਇਹ ਘੋਰ ਮਨਮੱਤੀ ਕਰੀ ਤੇ ਹੁੰਦੀ ਵੇਖੀ ਜਾਂਦੀਆਂ ਹਨ। ਕੋਈ ਨਹੀਂ ਪੁੱਛਦਾ ਕਿ ਉਪਰੋਕਤ ਸਵੱਯਾ ਕਿਥੇ, ਕਿਸ ਪ੍ਰਸੰਗ ਵਿਚ ਆਉਂਦਾ ਹੈ, ਕੌਣ ਕਿਸ ਅੱਗੇ, ਕਿਉਂ ਇਉਂ ਆਰਤੀ ਕਰ ਰਿਹਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਗੁਰਮਤਿ ਨਾਲ ਇਸ ਦਾ ਕੀ ਸੰਬੰਧ ਹੈ ?

ਏਸੇ ਤਰ੍ਹਾਂ ਆਨੰਦ ਕਾਰਜ ਸਮੇਂ ਬਹੁਤੇ ਅਨਜਾਣ ਰਾਗੀਆਂ ਨੇ "ਜੋਗੀ ਜੀਵੈ ਜੁਗ ਚਾਰਿ ਤਿਹਾਰੀ" ਵਾਲੇ ਸਵਯੈ ਵਾਲੀ ਮਨਮਤੀ ਤੇ ਅਸੰਗਤ ਮਰਯਾਦਾ ਤੋਰ ਰਖੀ ਹੈ। ਇਹਨਾਂ ਨੂੰ ਕੌਣ ਵਰਜੇ ਕਿ ਇਹ ਸ਼ਾਕਤ ਕਵੀ-ਰਚਨਾ, ਤ੍ਰਿਯਾ ਚਰਿਤ੍ਰ ਨੰਬਰ 108 ਵਿਚ ਹੈ। ਇਸ ਦੇ ਸਾਰੰਸ਼ ਨੂੰ ਜ਼ਰਾ ਦਿਲ ਥੰਮ ਕੇ ਪੜ੍ਹੋ :-

ਇਕ ਸਮੇਂ ਰੰਭਾ ਅਪਸਰਾ ਨੂੰ ਵੇਖ ਕੇ ਕਪਲ ਮੁਨੀ ਦਾ ਵੀਰਜ ਪਾਤ ਹੋ ਕੇ ਧਰਤੀ ਤੇ ਡਿਗਾ, ਜਿਸ ਨਾਲ ਰੰਭਾ ਨੂੰ ਗਰਭ ਹੋ ਗਿਆ। (ਵਾਹ ! ਵੀਰਜ ਤਾਂ ਧਰਤੀ ਉਤੇ ਡਿੱਗਾ, ਪਰ ਗਰਭ ਰੰਭਾ ਨੂੰ ਹੋ ਗਿਆ)। ਰੰਭਾ ਨੇ ਉਸ ਗਰਭ ਨੂੰ ਸਮੁੰਦਰ ਵਿਚ ਸੁੱਟ ਦਿੱਤਾ ਜਿਸ ਤੋਂ ਇਕ ਸੁੰਦਰ ਕੰਨਿਆ ਪਾਣੀ ਉਪਰ ਆ ਕੇ ਸਮੁੰਦਰ ਉੱਤੇ ਚਿਰੰਕਾਲ ਤਰਦੀ ਰਹੀ। ਰਾਜਾ ਬ੍ਰਹਮ ਦੱਤ ਨੇ ਉਸ ਨੂੰ ਬਾਹਰ ਕੱਢਿਆ ਤੇ ਧਰਮ ਕੰਨਿਆ ਬਣਾ ਕੇ ਪਾਲਿਆ। ਉਸ ਦਾ ਨਾਮ "ਸੱਸੀ" ਰੱਖਿਆ ਅਤੇ ਜਵਾਨ ਹੋਣ ਉਤੇ ਰਾਜਾ ਪੁੰਨੂੰ ਨਾਲ ਉਸ ਦਾ ਵਿਆਹ ਕਰ ਦਿੱਤਾ। ਵਿਆਹ ਸਮੇਂ ਜਨਾਨੀਆਂ ਨੇ ਇਹ ਸਵੱਯਾ - "ਢੋਲ ਮ੍ਰਿਦੰਗ ਬਜੇ ਸਭ ਹੀ ਘਰ..." ਪੜ੍ਹਿਆ। ਅੰਤ ਨੂੰ ਸੱਸੀ ਦੀ ਸੌਂਕਣ ਨੇ ਆਪਣੇ ਪਤੀ ਪੁੰਨੂੰ ਨੂੰ ਮਰਵਾ ਦਿੱਤਾ। ਚੇਤੇ ਰਹੇ ਕਿ ਕਪਲਮੁਨੀ ਵਿਸ਼ਨੂੰ ਦੇ 14 ਗਵਨ ਅਵਤਾਰਾਂ ਵਿਚੋਂ ਅਤੇ ਸਾਂਖ ਸ਼ਾਸਤਰ ਦੇ ਕਰਤਾ ਮੰਨੇ ਜਾਂਦੇ ਹਨ। ਉਹ ਨਾਸਤਕ ਹਨ। ਕੇਵਲ ਪੁਰਸ਼ ਤੇ ਪ੍ਰਕਿਰਤੀ ਨੂੰ ਮੰਨਦੇ ਹਨ, ਬ੍ਰਹਮ (ਪ੍ਰਮਾਤਮਾ) ਨੂੰ ਨਹੀਂ ਮੰਨਦੇ। ਉਹਨਾਂ ਦਾ ਰੰਭਾ ਨੂੰ ਵੇਖ ਕੇ ਵੀਰਜ ਪਾਤ ਹੋਣਾ ਤੇ ਧਰਤੀ ਤੇ ਡਿੱਗਣ ਨਾਲ ਰੰਭਾ ਦੇ ਗਰਭ ਧਾਰਨ ਅਤੇ ਉਸ ਨੂੰ ਤੁਰੰਤ ਸਮੁੰਦਰ ਵਿਚ ਸੁੱਟ ਦੇਣ ਦੀ ਕਹਾਣੀ ਕਿਤਨੀ ਬੇ-ਮਾਅਨੀ, ਲੱਚਰ ਤੇ ਅਸੰਭਵ ਹੈ। ਐਸੀਆਂ ਅਣਹੋਣੀਆਂ ਵਾਰਤਾਵਾਂ ਨੂੰ ਸ੍ਰੀ ਦਸ਼ਮੇਸ਼ ਜੀ ਨਾਲ ਜੋੜਨਾ ਕਿਤਨਾ ਹਾਸੋ ਹੀਣਾ ਤੇ ਅਨਰਥ ਹੈ। ਪਰ ਗੁਰੂ ਤੇ ਗੁਰਮਤਿ ਦੇ ਮੂਰਖ ਮਿੱਤਰ ਇਸ ਨੂੰ ਦੱਬੀ ਜਾ ਰਹੇ ਹਨ ਅਤੇ ਵਰਜਣ ਵਾਲਿਆਂ ਪਿੱਛੇ ਲੱਠ ਲੈ ਕੇ ਪਏ ਹੋਏ ਹਨ। ਪੰਥ ਨਾਲ ਏਦੋਂ ਵੱਡਾ ਦੁਖਾਂਤ ਅਤੇ "ਸਿੱਖ ਰਹਿਤ ਮਰਯਾਦਾ" ਨਾਲ ਧੱਕਾ, ਹੋਰ ਕੀ ਹੋ ਸਕਦਾ ਹੈ ? ਜਦੋਂ ਪਹਿਰੇਦਾਰ ਘੂਕ ਨਿੰਦਰਾ ਵਿਚ ਸੌਂ ਜਾਣ ਤਾਂ ਘਰ ਦਾ ਵਸਤ ਵਲੇਵਾ ਲੁੱਟੇ ਜਾਣ ਦਾ ਗਿਲਾ, ਸ਼ਿਕਵਾ, ਕਿਉਂ, ਕਿਵੇਂ ਤੇ ਕਿੱਥੇ ਹੋਣਾ ? ਐਸੀ ਦਸ਼ਾ ਵਿਚ ਸ਼ਾਇਰ ਦਾ ਇਹ ਸੁਖਨ ਡਾਢਾ ਢੁੱਕਦਾ ਹੈ :-

ਜਹਾਂ ਪੇ ਰਹਬਰ ਹੀ ਹੋ, ਖ਼ੁਦ ਗੁੰਮ ਕਰਦਾਇ ਮੰਜ਼ਲ।
ਉਸੀ ਰਾਹ ਪੇ ਆਕਰ ਲੁੱਟ ਗਿਆ ਹੈ ਕਾਰਵਾਂ ਮੇਰਾ।

ਇਕ ਚਾਕ ਹੋ ਤੋ ਸੀਅ ਲੂੰ

ਸਿੱਖੀ ਦੇ "ਨਿਰਮਲ ਤੇ ਨਿਆਰੇ" ਪੰਥ ਵਿਚ ਹਰ ਪਾਸਿਉਂ ਰਲਾ ਪਾਉਣ ਅਤੇ ਇਸ ਨੂੰ ਰੂਪੋਂ ਕਰੂਪ ਕਰਨ ਵਾਲਿਆਂ ਦੀ ਬਹੁਤਾਤ ਦਾ ਇਹ ਆਲਮ ਹੈ ਕਿ ਟਾਵੇਂ ਟਾਵੇਂ ਵਿਚਰਦੇ ਪੰਥ ਦਰਦੀਆਂ ਦੇ ਧੁਰ ਅੰਦਰੋਂ ਉਦਾਸੀ ਤੇ ਬੇਬਸੀ ਵਿਚ ਇਹ ਵੇਦਨਾਸ਼ੀਲ ਹੂਕ ਨਿਕਲਦੀ ਸੁਣੀ ਜਾਣੀ ਕੁਦਰਤੀ ਹੈ :-

ਇਕ ਚਾਕ ਹੋ ਤੋ ਸੀਅ ਲੂੰ, ਹਮਦਮ ਗ੍ਰੇਬਾਂ ਅੱਪਨਾ।
ਜ਼ਾਲਮ ਨੇ ਫਾੜ ਡਾਲਾ, ਇਸੇ ਤਾਰ ਤਾਰ ਕਰਕੇ।

ਕੁਝ ਇਵੇਂ ਹੀ, ਸਿੱਖੀ (ਗੁਰਮੱਤ) ਦੇ ਸਰਲ, ਸਾਦੇ ਤੇ ਸਦੀਵੀ ਸਿਧਾਂਤਾਂ ਦੀ ਜੇ ਪੰਥ ਵਿਚਲੀਆਂ ਸਿੱਖ ਜਥੇਬੰਦੀਆਂ ਦੇ ਘਰੜ ਤੇ ਅਖੌਤੀ ਪ੍ਰਚਾਰਕ, ਦੰਭੀ ਤੇ ਭੇਖਧਾਰੀ "ਡੇਰੇਦਾਰ" ਹੀ ਵਿਰੋਧਤਾ ਕਰਨ ਤਾਂ ਸਿੱਖ ਸੰਗਤਾਂ ਨੂੰ ਭੁਲੇਖਿਆਂ ਦੇ ਦੰਭ-ਪ੍ਰਪੰਚ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ ? ਜੇ ਪੰਥ ਦੇ ਮੰਨੇ ਪ੍ਰਮੰਨੇ ਵਿਦਵਾਨ, ਉਪਦੇਸ਼ਕ ਤੇ ਕਥਾਕਾਰ ਹੀ ਬਿਨਾਂ ਖੋਜ ਕੀਤੇ ਤੇ ਸੋਚੇ ਵਿਚਾਰੇ ਦੇ ਆਪਣੀ ਵਿਦਵਤਾ ਤੇ ਹਰਦਿਲ ਅਜ਼ੀਜ਼ੀ ਦੇ ਮਾਣ ਤੇ ਲਾਲਚ ਵਿਚ ਕਮਲ ਕੁੱਟੀ ਜਾਣ ਤਾਂ ਪੰਥ ਦਾ ਰੱਬ ਹੀ ਰਾਖਾ ਹੈ। ਇਹ ਨਦੀ ਨੂੰ ਹੀ ਅੱਗ ਲੱਗਣ ਵਾਲਾ ਦੁਖਾਂਤ ਹੈ। ਰਹਬਰ ਦੇ ਹੀ ਲੁਟੇਰਾ ਹੋ ਜਾਣ ਵਾਲੀ ਘਟਨਾ ਹੈ। ਇਹ ਕਿਸ਼ਤੀ ਦੇ ਤੂਫਾਨ ਵਿਚ ਹੋਣ ਵਾਲੀ ਘਟਨਾ ਨਹੀਂ, ਸਗੋਂ ਕਿਸ਼ਤੀ ਵਿਚ ਹੀ ਤੂਫਾਨ ਹੋਣ ਵਾਲੀ ਹੋਣੀ ਹੈ। ਫਿਰ ਬਚਾਅ ਕਿਵੇਂ ?

ਸ਼ਾਇਰ ਦੀ ਬਰਹੱਕ ਚੇਤਾਵਨੀ ਹੈ :

ਅਗਰ ਕਸ਼ਤੀ ਹੋ ਤੂਫਾਂ ਮੇਂ ਤੋ ਕਾਮ ਆਤੀ ਹੈ ਤਦਬੀਰੇ।
ਅਗਰ ਕਸ਼ਤੀ ਮੇਂ ਤੂਫਾਂ ਹੋ ਤੋ ਮਿਟ ਜਾਤੀ ਹੈ ਤਕਦੀਰੇ।

ਇਸ ਕਲਮ ਦੀ ਇਕ ਹੱਡ ਬੀਤੀ

17 ਕੁ ਸਾਲ ਦੀ ਗੱਲ ਹੈ ਕਿ ਵੈਨਕੂਵਰ (ਕੈਨੇਡਾ) ਵਿਚ ਇਕ ਵਿਦਵਾਨ ਉਪਦੇਸ਼ਕ ਨੇ ਆਪਣਾ ਵਿਆਖਿਆਨ ਕੁਝ ਇਉਂ ਆਰੰਭ ਕੀਤਾ :

"ਹਿੰਦੂ ਕੌਮ ਬੜੀ ਭਾਗਸ਼ਾਲੀ ਹੈ, ਜੋ ਉਸ ਦੇ ਪਾਸ ਪਾਨਣੀ ਵਰਗਾ ਮਹਾਰਿਸ਼ੀ ਸੀ, ਜਿਸ ਨੇ ਵੇਦਾਂ ਦੀ ਪੁਰਾਣੀ ਸੰਸਕ੍ਰਿਤ ਦਾ ਵਿਆਕਰਣ ਤਿਆਰ ਕੀਤਾ, ਜਿਸ ਦੀ ਅਣਹੋਂਦ ਵਿਚ ਅੱਜ ਉਸ ਸਮੇਂ ਦੀ ਸੰਸਕ੍ਰਿਤ ਸਮਝਣੀ ਅਸੰਭਵ ਹੁੰਦੀ। ਏਸੇ ਤਰ੍ਹਾਂ ਸਿੱਖ ਕੌਮ ਦੀ ਵੀ ਇਹ ਸੁਭਾਗਸ਼ੀਲਤਾ

ਹੈ ਕਿ ਉਸ ਨੂੰ ਪ੍ਰੋ. ਸਾਹਿਬ ਸਿੰਘ ਵਰਗਾ 'ਪਾਨਣੀ' ਪ੍ਰਾਪਤ ਹੈ, ਜਿਸ ਨੇ 'ਗੁਰਬਾਣੀ ਵਿਆਕਰਣ' ਲਿਖਣ ਦਾ ਪੁੰਨ-ਉਪਰਾਲਾ ਕੀਤਾ ਹੈ, ਪਰੰਤੂ ਜਦ ਉਹ ਇਹ ਤਸਲੀਮ ਕਰਨ ਉਪਰੰਤ ਮੂਲ ਮੰਤ੍ ਦੇ ਅਰਥ ਕਰਨ ਲੱਗੇ ਤਾਂ 'ਗੁਰ ਪ੍ਰਸਾਦਿ' ਦੇ ਕੀਤੇ ਗਏ ਅਰਥ ਨ ਕੇਵਲ ਪ੍ਰੋ. ਸਾਹਿਬ ਸਿੰਘ ਵਲੋਂ ਕੀਤੇ ਅਰਥਾਂ ਦੇ ਵਿਰੁੱਧ ਸਨ, ਸਗੋਂ ਸੰਪਰਦਾਈ ਅਰਥਾਂ ਅਤੇ ਹੋਰ ਪ੍ਰਸਿੱਧ ਸਿੱਖ ਵਿਦਵਾਨਾਂ ਵਲੋਂ ਕੀਤੇ ਜਾਂਦੇ ਸਹੀ ਅਰਥਾਂ ਦੇ ਵੀ ਪ੍ਰਤਿਕੂਲ। ਅਤੇ ਜਦ ਦੇਸ਼ ਪਰਤ ਕੇ ਉਸ ਵਿਦਵਾਨ ਉਪਦੇਸ਼ਕ ਜੀ ਵਲੋਂ ਟੇਪ ਰਿਕਾਰਡ ਹੋਏ ਫੇਰ ਉਹੀ ਅਰਥ ਸੁਣੇ ਅਤੇ ਨਾਲ ਵੱਡੇ ਵਸੂਕ ਨਾਲ ਕੀਤਾ ਗਿਆ ਇਹ ਦਾਅਵਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਛਕਾਉਣ ਸਮੇਂ ਅੱਜ ਕੱਲ੍ਹ ਪੜ੍ਹੀਆਂ ਜਾਣ ਵਾਲੀਆਂ "ਪੰਜੇ ਬਾਣੀਆਂ" ਹੀ ਪੜ੍ਹ ਕੇ ਅੰਮ੍ਰਿਤ ਤਿਆਰ ਕੀਤਾ ਸੀ ਅਤੇ ਇਹੀ ਪੰਜ, ਸਵੇਰੇ ਨਿਤਨੇਮ ਵਜੋਂ ਪਾਠ ਕਰਨ ਦੀ ਆਗਿਆ ਕੀਤੀ ਸੀ, ਤਾਂ ਭਾਈ ਸਾਹਿਬ ਪ੍ਰਿੰਸੀਪਲ ਹਰਿਭਜਨ ਸਿੰਘ ਜੀ (ਜਿਨ੍ਹਾਂ ਨੇ ਸੰਨ 1998 ਤੱਕ ਕੋਈ ਸੱਤਰ ਕੁ ਸਾਲ ਨਾਨਕ ਸੱਚ ਦਰ ਘਰ ਦੀ ਇਸ ਕਲਮ ਨਾਲ ਤਨੋ ਮਨੋ ਸੇਵਾ ਕੀਤੀ ਤੇ ਅਗੋਂ ਇਹ ਕਲਮ ਇਸ ਦਾਸਰੇ "ਪੁੱਤਰ ਨਿਸ਼ਾਨ" ਨੂੰ ਸੌਂਪ ਗਏ) ਦੇ ਮੁਖੋਂ ਬੇਸਾਖਤਾ ਇਹ ਸ਼ਬਦ ਨਿਕਲੇ :

"ਕੁਫ਼ਰ ਅਜ਼ ਕਾਬਾ ਬਰਖੇਜ਼ਦ, ਕੁਜਾ ਮਾਨਦੁ ਮੁਸਲਮਾਨੀ"

ਜੇ ਸਾਡੇ ਵਿਦਵਾਨ, ਗੁਰਮੱਤ ਵਿਆਖਿਆਕਾਰ ਪ੍ਰਚਾਰਕ ਤੇ ਲਿਖਾਰੀ ਹੀ ਅਜਿਹੀਆਂ ਬੇਥਵੀਆਂ, ਕਿਆਸੀਆਂ ਤੇ ਸੁਣੀਆਂ ਸੁਣਾਈਆਂ ਗੱਲਾਂ ਕਰਨ ਲੱਗ ਪੈਣ ਤਾਂ ਗੁਰਮਤਿ ਦੀ ਇਕਾਈ, ਨਿਰਾਲਮਤਾ ਤੇ ਪ੍ਰਮਾਣਿਕਤਾ ਦਾ ਕੀ ਬਣੂੰ ? ਪਿਤਾ-ਪ੍ਰਿੰਸੀਪਲ ਜੀ ਦੀ ਦੱਸੀ ਉਪਰੋਕਤ ਘਟਨਾ ਅੱਜ ਵੀ ਜਦ ਯਾਦ ਆਉਂਦੀ ਹੈ ਤਾਂ ਮੇਰੇ ਅੰਦਰੋਂ ਬੇਸਾਖਤਾ ਇਹ ਹੂਕ ਉਠਦੀ ਹੈ :

ਅੱਖ ਜੋ ਕੁਝ ਵੇਖਦੀ ਹੈ, ਸ਼ਬਦ ਕਹਿ ਸਕਦੇ ਨਹੀਂ,
ਚਿੰਤਤ ਹਾਂ, "ਗੋਬਿੰਦ" ਗੁਰਮੱਤ, ਕੀ ਤੋਂ ਕੀ ਹੋ ਜਾਏਗੀ ? (ਲੇਖਕ)

ਦੁਬਿਧਾ ਇਹ ਹੈ ਕਿ :

ਜ਼ਿਕਰ ਕਰਤਾ ਹੂੰ, ਤੋ ਸ਼ਾਇਦ ਉਨ ਕੋ ਹੋ ਸ਼ਿਕਾਇਤ,
ਚੁੱਪ ਰਹਿਤਾ ਹੂੰ ਤੋ ਮੇਰੀ "ਨਾਨਕ" ਸੇ ਕੋਤਾਹੀ ਹੋਤੀ ਹੈ। (ਲੇਖਕ)

ਵਿਚਾਰ ਸਾਰ

ਚੇਤੇ ਰਹੇ : ਪੰਥ ਨੂੰ ਇਹ ਹੱਕ ਹਾਸਿਲ ਹੈ ਕਿ ਗੁਰਬਾਣੀ ਤੇ ਗੁਰਮਤਿ ਦੀ ਰੋਸ਼ਨੀ ਵਿਚ ਜਿਹੜੀਆਂ ਤੇ ਜਿੰਨੀਆਂ ਬਾਣੀਆਂ ਚਾਹੇ ਨਿਤਨੇਮ ਤੇ ਅੰਮ੍ਰਿਤ ਛਕਾਉਣ ਸਮੇਂ ਪੜ੍ਹੇ ਜਾਣ ਦਾ ਫੈਸਲਾ ਕਰੇ, ਸ਼ਿਕਾਇਤ ਹੈ ਤਾਂ ਇਹ ਕਿ ਇਹ ਦਾਅਵਾ ਕਰਨਾ ਇਤਿਹਾਸਕ ਤੌਰ ਉੱਤੇ ਬਿਲਕੁਲ ਗਲਤ

ਤੇ ਕਲਪਤ ਹੈ ਕਿ ਸ੍ਰੀ ਦਸ਼ਮੇਸ਼ ਜੀ ਨੇ ਇਹੀ ਪੰਜ ਬਾਣੀਆਂ ਹੀ "ਅੰਮ੍ਰਿਤ" ਤਿਆਰ ਕਰਨ ਹਿੱਤ ਪੜ੍ਹੀਆਂ ਅਤੇ ਫੇਰ ਸਵੇਰੇ ਨਿਤਨੇਮ ਵਜੋਂ ਪੜ੍ਹਨ ਦੀ ਆਗਿਆ ਕੀਤੀ ਸੀ, ਰੇਤ ਦੀਆਂ ਉਸਾਰੀਆਂ ਕੰਧਾਂ ਦੀ ਬੁਨਿਆਦ ਨਹੀਂ ਹੁੰਦੀ। ਸੱਚ ਹੀ ਓੜਕ ਤੱਕ ਨਿਭਦਾ ਹੈ।

ਮਨਮਤੀਆਂ ਵਲੋਂ ਗੁਰਮਤਿ ਸਿਧਾਂਤਾਂ ਉੱਤੇ ਹਮਲੇ

ਗੁਰਮਤਿ ਦੇ ਬੁਨਿਆਦੀ ਸਿਧਾਂਤਾਂ ਤੇ ਸਿੱਖ ਰਹੁਰੀਤ ਤੇ ਮਰਯਾਦਾ ਬਾਰੇ ਵੱਖ ਵੱਖ ਬੋਲੀਆਂ ਬੋਲਣ ਅਤੇ ਫੇਰ ਤੋਂ ਬਿਪਰ-ਰੀਤਾਂ, ਬਹੁ-ਪੂਜਾਂ, ਅਵਤਾਰ ਵਾਦ ਤੇ ਮਰਯਾਦਾ, ਕਰਮ ਕਾਂਡ ਤੇ ਵਹਿਮਾਂ ਭਰਮਾਂ ਦੀ ਹਾਮੀ ਭਰਨ ਵਾਲੇ ਮੇਰੇ ਸਿੱਖੀ ਦੇ ਨਾਦਾਨ ਦੋਸਤ, ਗੁਰਮਤ ਵਿਰੋਧੀ ਅਜਿਹੀ ਧਾਰਨਾ ਧਾਰਨ ਤੇ ਪ੍ਰਚਾਰਨ ਸਮੇਂ, ਇਹ ਨਹੀਂ ਸੋਚਦੇ ਕਿ ਉਹ ਮਨਮਤੀ ਪੰਥ-ਦੋਖੀਆਂ ਨੂੰ ਅਜਿਹਾ ਮੁਆਦ ਮੁਹੱਇਆ ਕਰ ਰਹੇ ਹਨ, ਜਿਸ ਦਾ ਸਿੱਖ ਵਿਦਵਾਨਾਂ ਵਲੋਂ ਖੰਡਨ ਕਰਨਾ ਅਤੀ ਬਿਖਮ ਸਮੱਸਿਆ ਬਣ ਰਿਹਾ ਹੈ। ਨਾਨਕ ਪੰਥ ਨੂੰ ਨਿਰਮਲ ਤੇ ਨਿਆਰਾ ਤੱਕਣ ਵਾਲੀ ਇਸ ਕਲਮ ਨੇ ਵੱਡੀਆਂ ਮਾਇਕ ਤੰਗੀਆਂ ਦੇ ਬਾਵਜੂਦ ਇਕ ਪੁਸਤਕ "ਦੁਨੀਆ ਹੁਸੀਆਰ ਬੇਦਾਰ" ਪੰਥ ਦੀ ਝੋਲੀ ਪਾਈ, ਹੱਕ ਦੀ ਗੱਲ ਦੋ ਤੇ ਦੋ ਚਾਰ ਵਾਂਗ ਲਿਖੀ ਤੇ ਉਹ ਵੀ ਸ਼੍ਰੋਮਣੀ ਕਮਟੀ ਦੇ ਮਤੇ ਅਨੁਸਾਰ ਤੇ ਕਮੇਟੀ ਦੇ ਹੱਕ 'ਚ, ਵੱਡੇ ਜ਼ੋਖਮ ਨਾਲ 50 ਕੁ ਕਿਤਾਬਾਂ ਵੇਚ ਸਕਿਆ। ਤੇ ਸੁਣਿਆਂ ਹੈ ਕਿ ਇਕ ਬਾਬਾ ਜੀ ਨੇ ਸੰਗਤਾਂ ਦੇ ਪੈਸੇ ਨਾਲ 20-22 ਕਿਤਾਬਾਂ ਮਖਮਲੀ ਜਿਲਦਾਂ 'ਚ ਛਪਵਾਈਆਂ ਹਨ ਜੋ ਉਸ ਮਹਾਨ ਦਸ਼ਮੇਸ਼ ਜੀ ਦੇ ਮੁਖ 'ਚ ਅੱਤ ਅਸ਼ਲੀਲ ਤੇ ਕੋਕ ਸ਼ਾਸਤਰੀ ਕਥਾ ਕਹਾਣੀਆਂ ਪਾਉਣ ਲਈ ਅਤੇ ਗੁਰਦੇਵ ਨੂੰ ਇੰਦਰ ਜਹੇ ਵਿਭਚਾਰੀ ਖਾਤਰ ਅਰਬਾਂ ਖਰਬਾਂ ਪ੍ਰਾਣੀਆਂ ਦੇ ਖ਼ੂਨ ਤੇ ਮਿੱਝ ਦੀਆਂ ਨਦੀਆਂ ਵਗਾਉਣ ਵਾਲੀ ਦੇਵੀ ਦੇ ਉਪਾਸ਼ਕ ਬਣਾਉਣ ਲਈ ਕਾਫੀ ਹਨ। ਇਕ ਆਸ ਹੈ ਜੋ ਅਜੇ ਵੀ ਇਸ ਨਿਮਾਣੀ ਕਲਮ ਨੂੰ ਜਿੰਦਾ ਰੱਖ ਰਹੀ ਹੈ :-

ਹਵਾ ਗੋ ਤੁੰਦੋ ਤੇਜ, ਚਿਰਾਗ ਅਪਨਾ ਜਲਾ ਰਹਾ ਹੈ।
ਵੁਹ ਮਰਦ ਜਿਸੇ ਹੱਕ ਨੇ ਬਖਸ਼ਾ ਹੈ ਅੰਦਾਜ਼ ਖੁਸਰੂਆਨਾ।

ਇਕ ਉਦਾਹਰਣ ਹੋਰ

ਮਿਸਟਰ ਮੈਕਲੋਡ ਜੋ ਕਿਸੇ ਸਮੇਂ "ਬੇਅਰਿੰਗ ਕਾਲਜ ਬਟਾਲਾ" ਪੰਜਾਬ ਵਿਖੇ ਅਧਿਆਪਕ ਸਨ ਤੇ ਪੰਜਾਬੀ ਲਿਖਣ ਪੜ੍ਹਨ ਦੀ ਯੋਗਤਾ ਰੱਖਦੇ ਹਨ, ਨੇ ਸਿੱਖ ਸਿਧਾਂਤਾਂ ਤੇ ਇਤਿਹਾਸ ਨੂੰ ਤਰੋੜ ਮਰੋੜ ਕੇ ਹੁਣ ਤੱਕ ਕੋਈ ਦਰਜਨ ਕੁ ਪੁਸਤਕਾਂ ਲਿਖੀਆਂ ਹਨ। ਉਹ ਯਤਨ ਕਰਦਾ ਹੈ ਕਿ ਆਪਣੀ ਲਿਖਤ ਦਾ ਆਧਾਰ ਕਿਸੇ ਨ ਕਿਸੇ ਉਸ ਉੱਘੀ ਸਿੱਖ ਵਿਦਵਾਨ ਹਸਤੀ ਨੂੰ ਬਣਾਵੇ, ਜਿਸ ਨੇ ਬਿਨਾਂ ਗੁਰਮਤਿ ਸਿਧਾਂਤ ਸਮਝੇ ਦੇ, ਆਪਣੀ

ਅਧੂਰੀ ਖੋਜ ਨੂੰ ਗੁਰਬਾਣੀ ਦੀ ਕਸਵੱਟੀ ਉੱਤੇ ਪਰਖੇ ਪੜਚੋਲੇ ਬਿਨ੍ਹਾਂ, ਸਤਿਗੁਰ ਨਾਨਕ ਦੇਵ ਦੇ "ਨਿਰਮਲ, ਨਿਰਾਲੇ, ਸਰਲ ਤੇ ਸਦੀਵੀ ਪੰਥ" ਨਾਲ ਬੇਇਨਸਾਫ਼ੀ ਕੀਤੀ ਹੋਵੇ। ਪਿੱਛੇ ਜਿਹੇ ਮਿਸਟਰ ਮੈਕਲੌਡ ਨੇ ਦੋ ਢਾਈ ਸੌ ਪੰਨੇ ਦੀ ਪੁਸਤਕ, "ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ" ਦੀ ਚੀਰ ਫਾੜ ਕਰਕੇ ਲਿਖੀ ਹੈ। ਰਹਿਤਨਾਮੇ ਦੀ ਸਾਰੀ ਲਿਖਤ, ਮੂਲ-ਰੂਪ (ਪੰਜਾਬੀ) ਵਿਚ ਦੇ ਕੇ ਅੰਗ੍ਰੇਜ਼ੀ ਬੋਲੀ ਵਿਚ ਟਿੱਪਣੀ ਤੇ ਅਸਲ ਲਿਖਤ ਦੇ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਭਾਈ ਚਉਪਾ ਸਿੰਘ ਆਪ ਵੀ ਸਿੱਖਾਂ ਵਿਚ ਜਾਤ ਪਾਤ ਦੇ ਅੰਤਰ ਦਾ ਕਾਇਲ ਸੀ, ਅਤੇ ਇਸ ਤਰ੍ਹਾਂ ਗੁਰੂ ਜੀ ਤੇ ਸਿੱਖ ਸਮਾਜ ਵੀ।

ਹੁਣ ਵਿਚਾਰੋ ਕਿ ਸਾਡੀਆਂ ਸਭ ਦਲੀਲਾਂ ਬੇ-ਸੂਦ ਹੋ ਜਾਣਗੀਆਂ ਕਿ ਸਿੱਖੀ ਵਿਚ ਜਾਤ ਪਾਤ ਦੀ ਮਨੌਤ ਦਾ ਕਤਅਨ ਅਭਾਵ ਹੈ। ਸਾਡੇ ਗੁਰਬਾਣੀ ਦੇ ਪ੍ਰਮਾਣ ਤੇ ਖੰਡੇ ਦੀ ਪਾਹੁਲ ਦਾ ਹਵਾਲਾ ਆਦਿ ਸਭ ਬੇਅਰਥ ਹੋ ਜਾਣਗੇ। ਪਰੰਤੂ, ਜੇ ਅਸੀਂ ਭਾਈ ਸਾਹਿਬ ਦੀ ਲਿਖਤ ਦੀ ਗੁਰਬਾਣੀ ਦੀ ਰੋਸ਼ਨੀ ਵਿਚ ਪਰਖ ਪੜਚੋਲ ਕਰਕੇ ਸਹੀ ਨਤੀਜੇ ਕੱਢੀਏ ਤੇ ਰਾਏ ਬਣਾਈਏ ਅਤੇ ਉਨ੍ਹਾਂ ਦੀ ਅਨੁਚਿਤ ਲਿਖਤ ਨੂੰ ਸਿੱਖੀ ਦੇ ਬੁਨਿਆਦੀ ਸਿਧਾਤਾਂ ਦੇ ਵਿਰੁੱਧ ਮੰਨੀਏ ਤੇ ਨਾ ਅਪਣਾਈਏ ਤੇ ਪ੍ਰਵਾਨੀਏ ਤਾਂ ਇਸ ਵਿਚ ਕੀ ਹਰਜ਼ ਹੈ?

ਕੁਝ ਐਸੀ ਹੀ ਸਥਿਤੀ ਜਨਮ ਸਾਖੀਆਂ ਅਤੇ ਗੁਰ ਬਿਲਾਸਾਂ ਦੀ ਹੈ। ਜੋ ਗੁਰੂ ਸਾਹਿਬਾਨ ਨੂੰ ਨਸ਼ਈ, ਭੰਗੀ, ਦੂਜਿਆਂ ਦੀਆਂ ਕੁੜੀਆਂ ਕੱਢ ਕੇ ਲਿਆਉਣ ਵਾਲੇ ਤੇ ਮੰਤਰਾਂ ਨਾਲ ਪੈਦਾ ਹੋਣ ਵਾਲੇ (ਬਿਨਾਂ ਮਾਂ-ਬਾਪ ਦੇ ਮੇਲ ਦੇ) ਸਾਬਤ ਕਰਨ ਲਈ ਕਾਫ਼ੀ ਹਨ। ਜੇਕਰ ਅੱਜ ਦੀ ਪੰਥਕ ਮਹਾਨ ਹਸਤੀ ਤੇ ਉੱਚਤਮ ਪਦਵੀ ਦੇ ਸੁਆਮੀ ਵਿਦਵਾਨ ਜੀ ਨੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੀ ਸੰਪਾਦਨਾ ਕੀਤੀ ਹੈ ਤਾਂ ਗੁਰਦੇਵ ਨੂੰ ਕੁੱਤਿਆਂ ਨਾਲ ਵਾਰਤਾਲਾਪ ਕਰਦੇ ਦਿਖਾਇਆ ਹੈ। ਕੁੱਤੇ ਨੂੰ ਪਤਾ ਹੈ ਕਿ ਖਾਣੇ 'ਚ ਜ਼ਹਿਰ ਹੈ ਪਰ ਗੁਰਦੇਵ ਨੂੰ ਨਹੀਂ ਪਤਾ। ਗੁਰਦੇਵ ਬਰਮਿਲਾਅ ਮੁਸਲਮਾਨ ਦੀ ਕੁੜੀ ਕੱਢ ਕੇ ਲੈ ਜਾਣ ਦੀ ਬਹਾਦਰੀ ਦਿਖਾਉਂਦੇ ਹਨ। ਤੇ ਫਿਰ ਉਸ ਦੇ ਪੁੱਤਰ ਮੰਗਣ ਤੇ ਕਹਿੰਦੇ ਹਨ ਕਿ ਉਹਨਾਂ ਨੇ ਤਾਂ ਆਪਣੀ ਸੁਪਤਨੀ ਦਾ ਕਦੀ ਸੰਗ ਨਹੀਂ ਕੀਤਾ। ਸਭ ਮੰਤਰ ਦੀ ਕਰਾਮਾਤ ਹੈ। ਪਤਾ ਨਹੀਂ ਕੀ ਥੁੜਿਆ ਹੈ ਐਸੀਆਂ ਲਿਖਤਾਂ ਤੋਂ?

ਸੋ ਗੁਰਮੱਤ ਦੇ ਸਰਬ-ਸਾਂਝੇ, ਮਾਨਵੀ, ਅਮਰ ਤੇ ਅਦੁੱਤੀ ਸਿਧਾਂਤਾਂ ਨੂੰ ਜਿਤਨਾ ਖਤਰਾ ਸਾਡੀ ਆਪਣੀ ਗੈਰਜ਼ਿੰਮੇਵਾਰੀ, ਲਾਇਲਮੀ ਤੇ ਲਘੂ-ਦ੍ਰਿਸ਼ਟੀ ਤੋਂ ਹੈ, ਉਤਨਾ ਬਾਹਰਲੇ ਮਨਮਤੀ ਦੋਖੀਆਂ ਵਲੋਂ ਨਹੀਂ। ਜੋ ਖਤਰਾ ਅਵਤਾਰਵਾਦ ਤੇ ਦੇਵੀ ਦੇਵਤਿਆਂ ਦੀ ਪੂਜਾ ਤੇ ਪ੍ਰਸੰਗਾਂ ਨੂੰ ਨਿਤਨੇਮ ਵਜੋਂ ਪੜ੍ਹਨ ਵਾਲੇ ਨਵੇਂ ਸੰਤ ਸਮਾਜ ਦੇ ਸੰਗਠਨਾਂ ਤੋਂ ਪੈਦਾ ਹੋ ਗਿਆ ਹੈ ਉਹ

ਵਧੇਰੇ ਦਾਇਮੀ ਤੇ ਘਾਤਕ ਹੈ। ਦਿਲੀ ਦੁੱਖ ਹੈ ਕਿ ਸਿੱਖ ਸੰਤ ਸਮਾਜ ਮਰਯਾਦਾ ਬਾਰੇ ਆਪਸ ਵਿਚ ਦੀ ਪਰਸਪਰ ਮਤਭੇਦ ਹੁੰਦਿਆਂ ਸੁੰਦਿਆਂ ਵੀ ਬਿਪਰਨ ਦੀਆਂ ਰੀਤਾਂ ਰਸਮਾਂ ਨੂੰ ਨਿਰਮਲ ਪੰਥਕ ਮਰਯਾਦਾ ਉਤੇ ਹਾਵੀ ਕਰਨ ਤੇ ਸ਼੍ਰੋਮਣੀ ਕਮੇਟੀ ਨੂੰ ਮਾਤ ਦੇਣ ਲਈ ਐਨ ਇਕ ਜਾਨ ਹਨ।

ਸੁਤੰਤਰ ਹਸਤੀ ਤੇ ਹੀ ਹਮਲਾ

ਅੱਜ ਕੱਲ ਆਰ.ਐਸ.ਐਸ. ਵਾਲੇ ਤਾਂ ਸਿੱਖ ਧਰਮ ਦੀ ਵੱਖਰੀ ਹੋਂਦ ਨੂੰ ਹੀ ਖਤਮ ਕਰਨ ਤੇ ਤੁਲੇ ਹੋਏ ਹਨ। ਉਹਨਾਂ ਅਨੁਸਾਰ ਤਾਂ ਸਿੱਖ ਧਰਮ ਇਕ ਧਰਮ ਨਹੀਂ ਸਗੋਂ ਹਿੰਦੂ ਧਰਮ ਦੇ ਬਹੁਤ ਸਾਰਿਆਂ ਪੰਥਾਂ (ਰਸਤਿਆਂ) ਚੋਂ ਇਕ ਪੰਥ ਹੈ। ਇਸ ਦਾ ਆਧਾਰ ਉਹ ਦਸਮ ਗ੍ਰੰਥ ਨੂੰ ਬਣਾ ਕੇ ਅਤੇ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਵਿਖੇ ਇਸ ਦੇ ਪ੍ਰਕਾਸ਼ ਤੇ ਅਖੰਡ ਪਾਠਾਂ ਦੀ ਉਦਾਹਰਣ ਦੇ ਕੇ ਨਾਨਕ ਨਿਰਮਲ ਪੰਥ ਦਾ ਸਫਾਇਆ ਕਰਨ ਦੀ ਇਕ ਡੂੰਘੀ ਚਾਲ ਚਲ ਰਹੇ ਹਨ। ਅਪ੍ਰੈਲ 30, 2000 ਦੀ ਅੰਗ੍ਰੇਜ਼ੀ ਟ੍ਰਿਬਿਊਨ, ਚੰਡੀਗੜ੍ਹ ਦੀਆਂ ਚੰਦ ਲਾਈਨਾਂ ਹਾਜ਼ਰ ਹਨ :

The Dasam Granth, penned by the tenth guru of the Sikhs, Guru Gobind Singh, states that Sikhs are a panth of the Hindus, and not a separate religion. There are many persons who dispute this claim and claim that it is only a historical poem and nothing else. Some even go to the extent of saying that it is not a work by the guru..... while there are many panths, the dharam was one. In case of the granth, let the detractors know that the path of the holy text was done regularly at the takht at Hazoor Sahib and Patna. Any person who contested this, was going against the directions of the gurus.

ਸਿੱਖ ਰਹਿਤ ਮਰਯਾਦਾ ਬਾਰੇ ਅੰਤਿਮ ਸੱਚ

ਜਿਹਾ ਕਿ ਲੇਖ ਦੇ ਆਦਿ ਵਿਚ ਸਪੱਸ਼ਟ ਕੀਤਾ ਜਾ ਚੁੱਕਾ ਹੈ, ਸਾਡੀ ਕਲਿਆਣ ਗੁਰਬਾਣੀ, ਗੁਰਮਤਿ ਦੀ ਕਿੱਲੀ, ਕੇਂਦਰ ਨਾਲ ਜੁੜੇ ਰਹਿਣ ਵਿਚ ਹੈ, ਜਾਂ ਉਨ੍ਹਾਂ ਲਿਖਤਾਂ ਵਿਚ ਹੈ, ਜੋ ਗੁਰਬਾਣੀ ਸਿਧਾਂਤਾਂ ਦੇ ਐਨ ਅਨੁਕੂਲ ਹਨ। ਸਾਡਾ ਇਹ ਦਾਅਵਾ ਨਹੀਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਾਗੂ "ਰਹਿਤ ਮਰਯਾਦਾ" ਸਦੀਵੀ ਕਾਲ ਲਈ ਅੰਤਮ ਸੱਚ ਹੈ। ਭਾਵੇਂ ਇਹ ਖਰੜਾ ਗੁਰੂ ਕ੍ਰਿਤ ਨਹੀਂ। ਪਰ ਇਹ ਸਾਰੇ ਪੰਥ ਵਲੋਂ ਚੁਣੇ ਗਏ ਧਰਮ-ਧੜੇ ਵਾਲੇ ਵਿਦਵਾਨਾਂ ਨੇ ਗੁਰਬਾਣੀ ਦੀ ਰੋਸ਼ਨੀ ਵਿਚ ਪੰਥਕ ਏਕਤਾ, ਨਿਰਮਲਤਾ ਤੇ ਨਿਰਾਲਮਤਾ ਹਿੱਤ ਇਸ ਨੂੰ ਹਾਲਾਤ ਵੱਸ ਪੂਰੀ

ਇਮਾਨਦਾਰੀ ਨਾਲ ਤਿਆਰ ਕੀਤਾ ਸੀ। ਇਸ ਵਿਚ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਨੂੰ ਬਰਕਰਾਰ ਰੱਖਦਿਆਂ ਹੋਇਆਂ, ਸਿੱਖੀ ਦੀ ਬਿਰਧੀ ਲਈ ਕੋਈ ਲੋੜੀਂਦੀ ਤੇ ਸਾਰਥਕ ਤਬਦੀਲੀ ਕਰਨ ਦਾ ਹੱਕ, ਗੁਰੂ ਪੰਥ ਨੂੰ ਹੈ। "ਮੇਰੇ ਜਥੇ, ਮੇਰੀ ਸੰਪ੍ਰਦਾਇ ਅਥਵਾ ਮੇਰੇ ਡੇਰੇ ਦੀ ਹੀ ਮਰਯਾਦਾ ਦਰੁਸਤ ਹੈ, ਇਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਦੀ ਵਿਸਾਖੀ ਸਮੇਂ ਨੀਯਤ ਕੀਤੀ ਸੀ" ਦੇ ਬੇ-ਬੁਨਿਆਦ ਤੇ ਜ਼ਿੱਦ ਵਾਲੇ ਦਾਅਵੇ ਛੱਡ ਕੇ ਗੁਰੂ ਜੀ ਵਿਚ ਇਕ ਹੋ ਕੇ ਰਹਿਤ ਮਰਯਾਦਾ ਬਾਰੇ ਦੂਰ-ਦ੍ਰਿਸ਼ਟਤਾ ਨਾਲ ਕੋਈ ਵੀ ਸਰਬ-ਸੰਮਤ ਫੈਸਲਾ ਲਿਆ ਜਾ ਸਕਦਾ ਹੈ।

ਹਾਂ, ਇਸ ਕਲਮ ਦੀ ਇਹ ਇਮਾਨਦਾਰਨਾ ਮਨੌਤ ਹੈ ਕਿ ਇਹ ਦਲੀਲ ਕਤਅਨ ਬੇ-ਅਰਥ ਹੈ ਕਿ ਇੰਨੇ ਲੰਮੇ ਸਮੇਂ ਤੋਂ ਪੰਥ ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਦੇ ਆਧਾਰ ਤੇ ਅਮਕੀ ਅਮਕੀ ਜੋ ਮਰਯਾਦਾ ਜਾਂ ਮਨੌਤ ਮੰਨਦਾ ਆਇਆ ਹੈ, ਉਹ ਕਿਵੇਂ ਛੱਡੀ ਜਾ ਸਕਦੀ ਹੈ? ਸਨਿਮਰ ਉੱਤਰ ਹੈ ਕਿ ਜਿਨ੍ਹਾਂ ਰਸਮਾਂ, ਰੀਤਾਂ, ਰਿਵਾਜਾਂ, ਕਰਮ ਕਾਂਡ ਤੇ ਫੋਕਟ ਮਨੌਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਸਾਹਿਬਾਨ ਨੇ ਬੜੀ ਦ੍ਰਿੜਤਾ ਨਾਲ ਸਵੀਕਾਰਨੋਂ ਇਨਕਾਰ ਕੀਤਾ ਸੀ, ਕੀ ਉਹ ਹਜ਼ਾਰਾਂ ਸਾਲਾਂ ਤੋਂ, ਕਰੋੜਾਂ ਲੋਕਾਂ ਵਿਚ ਲਾਗੂ ਨਹੀਂ ਚਲੀਆਂ ਆ ਰਹੀਆਂ ਸਨ। ਸੋ ਸਵਾਲ ਇਹ ਨਹੀਂ ਕਿ ਸਿੱਖੀ ਮਰਯਾਦਾ ਵਿਚ ਕੋਈ ਰਸਮ ਰੀਤ ਐਨੇ ਚਿਰ ਤੋਂ ਲਾਗੂ ਹੈ, "ਕਿਵੇਂ ਬਦਲੀ ਜਾਵੇ?" ਸਵਾਲ ਇਹ ਹੈ ਕਿ ਕੀ ਉਹ ਗੁਰਮੱਤ ਅਨੁਕੂਲ ਹੈ, ਜਾਂ ਪ੍ਰਤਿਕੂਲ? ਜੇ ਵਿਰੁੱਧ ਹੋਵੇ ਤਾਂ ਉਸ ਨੂੰ ਤਿਆਗਣ ਵਿਚ ਇਕ ਲਮਹੇ ਦੀ ਢਿੱਲ ਕਰਨੀ ਵੀ ਯੋਗ ਨਹੀਂ ਹੈ। ਸਿੱਖ ਕੌਮ ਇਕ ਜਿਉਂਦੀ ਕੌਮ ਹੈ, ਪੰਥ ਗੁਰੂ ਹੈ ਅਤੇ ਇਹ ਆਪਣੇ ਸਤਿਗੁਰੂ ਸਾਹਿਬ ਵਾਂਗ, ਸਮੇਂ ਸਮੇਂ ਪੈਦਾ ਹੋਣ ਵਾਲੀਆਂ ਉਲਝਣਾਂ, ਚੁਣੌਤੀਆਂ ਤੇ ਸਮੱਸਿਆਵਾਂ ਬਾਰੇ ਫੈਸਲਾ ਕਰਨ ਯੋਗ ਹੈ।

ਇਸ ਸੰਬੰਧੀ ਇਕ ਬੁੱਧੀਮਾਨ ਇਉਂ ਮਸ਼ਵਰਾ ਦਿੰਦਾ ਹੈ :-

Don't suppose there is always safety where no danger shows. Don't suppose you know better than anybody knows, but when you are warned of the danger, stand upon the brink, Don't go over head long, because you didn't think.

ਹਉਮੈਂ, ਹੱਠ ਤੇ ਸਵਾਰਥ

ਸਿੱਖ ਧਰਮ ਦੀ ਵੱਡੀ ਸਿਫਤ ਨਾ ਕੇਵਲ ਇਸ ਦੇ "ਇਕ ਓਅੰਕਾਰੀ" ਧਰਮ ਹੋਣ ਵਿਚ ਹੀ ਹੈ, ਸਗੋਂ ਵਿਸ਼ਾਲ ਤੇ ਮਾਨਵੀ "ਸਹਿ ਹੋਂਦ ਤੇ ਭਾਵਕ ਏਕਤਾ" ਹਾਮੀ ਹੋਣ ਵਿਚ ਵੀ। ਪੰਥ ਵਿਚਲੇ ਗੰਭੀਰ ਮਤਭੇਦਾਂ ਦੀ ਲਿਸਟ ਬੜੀ ਲੰਮੀ ਚੌੜੀ ਹੈ ਅਤੇ ਹਰੇਕ ਪੰਥ ਦਰਦੀ ਲਈ ਵੱਡੀ ਚਿੰਤਾ ਦਾ ਕਾਰਨ

ਹੈ। "ਇਕਾ ਬਾਣੀ ਇਕੁ ਗੁਰੂ ਇਕੋ ਸਬਦੁ ਵੀਚਾਰਿ" ਤੇ "ਪੂਜਾ ਅਕਾਲ ਕੀ ਪਰਚਾ ਸ਼ਬਦ ਕਾ" ਅਤੇ "ਦੀਦਾਰ ਖਾਲਸੇ ਕਾ" ਵਾਲੀ ਯਕਜਹਤੀ ਹੁਣ ਸੁਪਨਾ ਹੁੰਦੀ ਜਾ ਰਹੀ ਹੈ। "20 ਪੂਰਬੀਏ ਤੇ 21 ਚੁਲ੍ਹੇ" ਵਾਲੀ ਕਹਾਵਤ, ਹੁਣ, ਸਾਡੇ ਉੱਤੇ ਵੀ ਸਾਦਕ ਹੁੰਦੀ ਹੈ। ਪਿਛਲੇ ਕੁਝ ਸਾਲਾਂ 'ਚ ਜੋ ਕੁਕੜ ਖੇਹ ਉੱਡੀ ਹੈ ਉਸ ਵਿਚ ਸਭ ਤੋਂ ਵੱਡਾ ਕਾਰਨ, ਵੱਡੇ ਜਫਰ ਜਾਲ ਕੇ ਜੋ ਏਕਤਵਤਾ ਦੀ ਨਿਸ਼ਾਨੀ ਰਹਿਤ ਮਰਯਾਦਾ ਤਿਆਰ ਕੀਤੀ ਸੀ, ਉਸ ਤੋਂ ਦੂਰ ਹੋ ਖੇਰੂੰ ਖੇਰੂ ਹੋਣਾ ਹੈ। ਗੱਲ ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ "ਖਾਸ ਰੂਪ ਖਾਲਸਾ" ਜਾਂ "ਜਬ ਲਗ ਖਾਲਸਾ ਰਹੈ ਨਿਆਰਾ" ਅਥਵਾ "ਭਰਮ ਭੇਖ ਤੇ ਰਹੈ ਨਿਆਰਾ" ਤਾਂ ਕਹਿਣ ਮਾਤਰ ਤੱਕ ਹੀ ਸੀਮਤ ਹੋ ਰਿਹਾ ਹੈ। ਹਰ ਦੀਦਾਰੀ ਸਿੱਖ ਦੇ ਨਿਵ ਨਿਵ ਪੈਰੀਂ ਲੱਗਣ ਦੀ ਗੱਲ, ਇਕ ਸੁਪਨਾ ਬਣ ਕੇ ਰਹਿ ਗਈ ਹੈ। ਪੰਥ ਵਿਚ "ਸਿੱਖ ਰਹਿਤ ਮਰਯਾਦਾ" ਨੂੰ ਇਕ ਕਰਨ ਅਤੇ ਗੁਰੂ ਪੰਥ ਨੂੰ "ਨਿਰਮਲ ਤੇ ਨਿਰਾਲਾ" ਰੱਖਣ ਲਈ ਦਿਲੋਂ ਹੰਭਲਾ ਮਾਰਨ ਵਾਲੇ ਦਰਦੀ, ਉਂਗਲਾਂ ਉਤੇ ਗਿਣੇ ਜਾ ਸਕਦੇ ਹਨ, ਜਦ ਕਿ ਇਸ ਨੂੰ ਖੇਰੂੰ-ਖੇਰੂੰ ਕਰਨ ਤੇ ਕਰਮਕਾਂਡੀ ਰੂਪ ਦੇਣ ਵਾਲਿਆਂ ਦੀਆਂ ਧਾੜਾਂ ਦੀਆਂ ਧਾੜਾਂ ਹਨ। ਜੇ ਅੱਜ ਗੁਰੂ ਜੀ ਦਾ ਖਾਲਸਾ, ਆਪਣੇ ਲਾਸਾਨੀ ਵਿਰਸੇ ਤੇ ਗੌਰਵ ਤੋਂ ਬਾ-ਖਬਰ ਨਾ ਹੋਇਆ, ਅਤੇ ਖਿੰਡਾਓ ਤੇ, ਪਰਸਪਰ ਮਤਭੇਦਾਂ ਦੇ ਕਾਰਨ ਪੈਦਾ ਹੋਇਆ ਜਵਾਲ ਇਵੇਂ ਹੀ ਜਾਰੀ ਰਿਹਾ ਤਾਂ ਸੰਸਾਰ ਦੇ ਹੱਕ-ਪ੍ਰਸਤ ਲੋਕ ਇਸ ਨੂੰ ਇਹ ਤਾਅਨਾ ਮਾਰਨ ਲਈ ਮਜ਼ਬੂਰ ਹੋਣਗੇ :-

ਖੈਰ! ਤੂੰ ਸਾਕੀ ਸਹੀ, ਲੇਕਿਨ ਪਿਲਾਏਗਾ ਕਿਸੇ ?
ਨਾ ਵੁਹ ਮੈ-ਕਸ਼ ਰਹੇ ਬਾਕੀ, ਨ ਮੈ-ਖਾਨੇ ਰਹੇ।

ਰੋਸ਼ਨੀ ਦੀ ਕਿਰਨ

ਮਨਮੱਤ ਦੇ ਇਤਸ਼ਾਰ ਦੀ ਇਸ ਘੁੱਪ ਹਨੇਰੀ ਰਾਤ ਵਿਚ ਜੇ ਕੋਈ ਆਸ ਦੀ ਕਿਰਨ ਹੈ, ਤਾਂ ਉਹ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਰਸ਼ੀ ਬਾਣੀ। ਇਹੀ ਇਕ ਓਟ ਆਸਰਾ ਤੇ ਇਕਾਈ ਹੈ, ਸਾਨੂੰ ਆਪਣੇ ਵਿਰਸੇ ਤੋਂ ਜਾਣੂੰ ਕਰਾਉਣ ਲਈ। ਆਵਸ਼ 'ਨਾਮ' ਅਥਵਾ 'ਸੱਚ ਧਰਮ' ਦੇ ਇਸ ਮੈ-ਖ਼ਾਨੇ ਚੋਂ ਕਦੀ ਕਦਾਈ ਕੋਈ ਅੰਮ੍ਰਿਤ ਦਾ ਜਾਮ ਪੀ ਹੱਕ ਦਾ ਨਾਅਰਾ ਮਾਰੇਗਾ ਅਤੇ ਸਿੱਖ ਨੂੰ ਝੰਜੋੜ ਕੇ ਇਉਂ ਆਪਣੇ ਵਿਰਸੇ ਤੇ ਪਿਉ ਦਾਦੇ ਦੇ ਅਤੁੱਟ, ਅਮੋਲ, ਖਜ਼ਾਨੇ ਤੋਂ ਜਾਣੂੰ ਕਰਾਉਂਦਾ ਰਹੇਗਾ :-

"ਜ਼ੀ ਸੱਦ ਸੁਖਨਿ ਮੁਰਸ਼ਦ ਯੱਕ ਹਰਫ਼ ਮਰਾ ਯਾਦਸਤ:
ਆਲਮ ਨਾ ਸ਼ਵੱਦ ਵੀਰਾਨਾ, ਤਾ ਮੈਖ਼ਾਨਾ ਆਬਾਦਸਤ।

(ਭਾਵਰਥ : ਮੈਨੂੰ ਆਪਣੇ ਗੁਰੂ ਪੀਰ ਮੁਰਸ਼ਦ ਦੇ ਸੈਂਕੜੇ ਸੁਬਚਨਾਂ ਚੋਂ ਇਕ ਹਰਫ਼ (ਇਕ ਸੁਖ਼ਨ) ਆਵਸ਼ ਚੇਤੇ ਹੈ, ਅਤੇ ਉਹ ਇਹ ਕਿ ਇਹ

ਸੰਸਾਰ ਕਦਾਚਿੱਤ ਬਰਬਾਦ ਤੇ ਵੀਰਾਨਾ ਨਹੀਂ ਹੋਵੇਗਾ, ਜਿੰਨਾ ਚਿਰ ਮੇਰੇ ਕਾਮਲ ਮੁਰਸ਼ਦ ਦੇ ਸ਼ੁਭ ਬਚਨਾਂ ਰੂਪੀ-ਸਤਿਸੰਗ ਰੂਪੀ ਮੈਂ-ਖ਼ਾਨਾ ਆਬਾਦ ਹੈ।)

ਆਜ਼ਿਜ਼ਾਨਾ ਤਰਲਾ

ਨਾਨਕ ਸੱਚ ਦਰ ਘਰ ਦੀ ਸੇਵਾ 'ਚ ਚਲਦੀ ਇਸ ਕਲਮ ਦੀ ਉਮਰ 72 ਸਾਲ ਤੋਂ ਉਪਰ ਹੋ ਗਈ ਹੈ। (70 ਸਾਲ ਭਾਈ ਸਾਹਿਬ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਅਤੇ 2 ਸਾਲ ਤੋਂ ਉਪਰ "ਪੁਤਰਿ-ਨਿਸ਼ਾਨ" ਦੇ ਰੂਪ 'ਚ) ਇਸ ਕਲਮ ਨੂੰ ਨਾ ਆਲਮ ਹੋਣ ਦਾ ਦਾਅਵਾ ਹੈ ਨਾ ਕਿਸੇ ਵੀਰ ਨੂੰ ਕਿਸੇ ਪੱਖੋਂ ਨੀਚਾ ਵਿਖਾਉਣ ਦਾ ਸ਼ੌਕ, ਸ਼ੁਗਲ ਜਾਂ ਹਉਮੈ ਹੰਕਾਰ। ਤੜਪ ਹੈ ਤਾਂ ਇਹ ਕਿ ਮਨੁੱਖ ਦੇ ਨੇਤਰੀਂ ਬਝੀ ਈਰਖਾ, ਦ੍ਵੈਖ ਤੇ ਨਫ਼ਰਤ ਦੀ ਪੱਟੀ ਖੁੱਲ੍ਹੇ ਅਤੇ ਉਹ ਇਕ ਓਅੰਕਾਰੀ ਏਕੇ, ਸਿਮਰਨ, ਸੇਵਾ ਦੁਆਰਾ ਦੂਸਰੇ ਨੂੰ ਸੁੱਖ ਪਹੁੰਚਾਉਣ ਵਿਚੋਂ ਸੁੱਖ ਲੱਭੇ। ਹੋ ਸਕਦਾ ਹੈ ਕਿ ਇਸ ਕਲਮ ਦੀ ਸਿਦਕ ਦਿਲੀ ਨਾਲ ਕੀਤੀ ਇਹ ਵੀਚਾਰ ਜੋਦੜੀ, ਕਿਸੇ ਸੱਜਣ ਨੂੰ ਖੁਸ਼ਗਵਾਰ ਨਾ ਲੱਗੇ, ਜਿਸ ਲਈ ਖਿਮਾਂ ਜਾਚਕ ਤਾਂ ਹਾਂ ਪਰ :

ਮਿਹਰਬਾਨੋ, ਦੋਸਤੋ ਸ਼ਿਕਵਾ ਨ ਕਰਿਓ ਦਾਸ ਤੇ,
ਮੇਰੀ ਜ਼ੁਬਾਂ, ਮੇਰਾ ਬਿਆਂ, ਬਾਣੀ ਦਾ ਹੀ ਸਤਿਕਾਰ ਹੈ।

ਅੰਤ ਵਿਚ

ਗੁਰੂ ਰੂਪ ਖਾਲਸਾ ਜੀਓ! ਆਪ ਜੀ ਨੂੰ ਫੇਰ ਵਿਸ਼ੇਸ਼ ਤੇ ਪੁਰਖ਼ਲੂਸ ਅਪੀਲ ਹੈ ਕਿ ਆਪ ਸਭ ਜਿਥੇ ਵੀ ਹੋ ਭਾਈ ਮਨਸੁਖ ਜੀ ਵਾਂਗ ਸ੍ਰੀ ਗੁਰੂ ਨਾਨਕ ਦੇ ਮਿਸ਼ਨਰੀ ਹੋ। ਉਪਕਾਰੀ ਸਤਿਗੁਰੂ ਜੀ ਦਾ ਰਿਣ ਸਿਰੋਂ ਲਾਹੁਣ, ਤੇ ਉਸ ਵੱਲ ਕ੍ਰਿਤੱਗਯ ਹੋਣ ਦਾ ਇਕੋ ਹੀ ਰਾਹ ਹੈ ਕਿ ਵੰਡਾਂ ਤੇ ਵਿਤਕਰਿਆਂ ਦੇ ਸਾਰੇ ਆਈਨ ਮਨਸੂਖ ਕਰਕੇ, ਗੁਰੂ ਜੀ ਦੀ ਇਕ ਓਅੰਕਾਰੀ, ਸਰਬ-ਕਾਲੀ, ਸਰਬ-ਦੇਸੀ ਗੱਲ ਸੰਸਾਰ ਨਾਲ ਸਾਂਝ ਕਰੀਏ। ਫਿਰ ਵੇਖਣਾ, ਕਿਵੇਂ "ਸਦ ਖੁਸ਼ੀਆਂ ਸਦ ਚਾਉ" ਵਾਲਾ ਪੁਰ-ਸਰੂਰ, ਪੁਰ-ਖ਼ਲੂਸ ਤੇ ਪੁਰ-ਨੂਰ ਹੁਲਾਰਾ ਮਿਲਦਾ ਹੈ। ਇਹ ਤੇ ਕੇਵਲ ਇਹ ਹੈ ਮੋਢੀ ਬਾਬੇ ਵਲੋਂ ਜੀਉ ਕਿ ਦੱਸੀ ਕਰਣੀ ਪਰਧਾਨ ਜੀਵਨ ਜੁਗਤੀ।

ਤਰਲਾ ਹੈ

ਦਿਲਾਂ ਦਾ ਫਾਸਲਾ ਘੱਟ ਕਰੋ, ਗੁਰੂ ਵਾਲਿਓ, ਜ਼ਿੰਦਗੀ ਕਿਰਦਾਰ ਦੇ ਸਿਵਾ ਕੁਝ ਵੀ ਨਹੀਂ। ਮੇਰੀ ਨਹੀਂ ਨ ਸਹੀ, ਮੋਢੀ ਗੁਰੂ ਬਾਬੇ ਦੀ ਤਾਂ ਸੁਣੋ :

ਜਹ 'ਕਰਣੀ' ਤਹ ਪੂਰੀ ਮਤਿ॥ 'ਕਰਣੀ' ਬਾਝਹੁ ਘਟੈ ਘਟਿ॥

ਤੇ 'ਕਰਣੀ' ਦਾ ਸਬੂਤ ਹੈ ਮਨ ਬਚਨ ਤੇ ਕਰਮ ਕਰਕੇ ਇਕ ਨਜ਼ਰੀਏ ਤੇ ਇਕ ਕਿਰਦਾਰ ਵਾਲੇ ਸਚਿਆਰ ਬਣਨਾ।

"ਨਾ ਸ਼ੁਕਰੀ ਕੌਮ ਨੂੰ"

ਨ ਰੋ ਐ ਕੌਮਿ ਨ ਸ਼ੁਕਰੀ, ਅਬ ਰੋਨੇ ਸੇ ਕਿਆ ਹਾਸਿਲ,
ਉਸੇ ਧੁੰਦਲਾ ਦੀਆ ਖੁਦ, ਜਿਸਨੇ ਤੁਝ ਕੋ ਸਵਾਰਾ ਥਾ।
ਪੜੇ ਥੇ ਜਬ ਸਦੀਉਂ ਸੇ, ਕਹੀਂ ਜ਼ੁਲਮਤ ਕੀ ਗਾਰੋ ਮੈਂ,
ਗੁਰੂ ਨੇ ਤਰਸ ਖਾ ਕਰ, ਹਮ ਕੋ ਪਸਤੀ ਸੇ ਉਭਾਰਾ ਥਾ।
ਨਾ ਥਾ ਜਬ ਚਮਨੋਂ ਗੁਲ ਅਪਨਾ, ਨਾ ਜ਼ਾਲਮ ਬਾਗਬਾਂ ਅਪਨਾ,
ਤੋਂ ਗੋਬਿੰਦ ਮਰਦਿ-ਕਾਮਲ ਨੇ, ਹਮੇਂ ਦੀਆ ਸਹਾਰਾ ਥਾ।
ਨਯਾ ਹਿੰਦ ਕੀ ਜਬ ਭੰਵਰ ਮੇਂ, ਥੀ ਡੂਬਨੇ ਵਾਲੀ,
ਲਗਾ ਕਰ ਧਰਮ ਕਾ ਚੱਪੂ, ਹਮੇਂ ਦੀਆ ਕਿਨਾਰਾ ਥਾ।
ਨਾ ਕੋਈ ਪੂਛਤਾ ਥਾ ਨਾਤਵਾਂ, ਬੇਕਸ ਬੀਚਾਰੋਂ ਕੋ,
ਤੋ ਬਨ ਗਮਖਾਰ ਸਭਕਾ, ਖਾਲਸੇ ਦੀਆਂ ਹੁੰਗਾਰਾ ਥਾ।
ਦੁਆਈ ਨਾਮਿ ਮੌਲਾ ਕੀ, ਪਿਲਾਈ ਸਭ ਕੋ ਯਕਸਾਂ ਥੀ,
ਇੱਕ ਰੱਬੀ ਜ਼ਾਤ ਹੋਨੇ ਕਾ, ਸੁਣਾਇਆ ਹੱਕੀ ਨਾਅਰਾ ਥਾ।
ਰਾਜੇ ਅਰ ਮੁਕੱਦਮ ਚੂਸਤੇ ਥੇ, ਖ਼ੂਨ ਜਬ ਪਰਜਾ ਕਾ,
ਸਜਾ ਕਰ ਖਾਲਸਾ ਤੂਨੇ, ਦੀਆ ਉਨੇ ਦੰਡ ਭਾਰਾ ਥਾ।

ਹਰਿਭਜਨ ਸਿੰਘ "ਹਮਰਾਜ਼"



ਭਾਈ ਸਾਹਿਬ (ਪ੍ਰਿੰ.) ਹਰਿਭਜਨ ਸਿੰਘ
ਇਨਸੈੱਟ ਸਤਿਨਾਮ ਸਿੰਘ ਹਮਰਾਜ਼-ਬੇਨ-ਹਮਰਾਜ਼

ਕੀਮਤ : ਮੁਫ਼ਤ ਵੰਡਣ ਹਿੱਤ

ਛਾਪਕ : ਭੱਠਲ ਪ੍ਰਿੰਟਰਜ਼, ਮੁਹਾਲੀ। ਫੋਨ : 98140-04814